**10** ਸਿੱਖ ਧਰਮ ਅਤੇ ਬਾਣੀ ਸੰਸਾਰ ਵਿਚ ਸੇਵਾ ਦੇ ਮਹਾਤਮ ਨੂੰ ਸਭ ਤੋਂ ਉੱਚਾ ਰੱਖਿਆ ਗਿਆ। ਸੇਵਾ ਉਹ ਕਰ ਸਕਦਾ ਹੈ ਜੋ ਆਪਣੇ ਬੰਧਨਾਂ ਤੋਂ ਉੱਪਰ ਉੱਠ ਚੁੱਕਾ ਹੈ। ਸੇਵਾ ਉਸ ਵਿਅਕਤੀ ਦੇ ਹਿੱਸੇ ਆਉਂਦੀ ਹੈ ਜੋ ਨਿਰਮਾਣ ਹੈ, ਜਿਸ ਅੰਦਰ ਦੂਜਿਆਂ ਦੇ ਦੁੱਖ ਦਰਦ ਵੰਡਣ ਦੀ ਭਾਵਨਾ ਹੋਵੇ। ਸੇਵਾ ਕਿਸੇ ਲਈ ਪਰਉਪਕਾਰ ਮੰਨੀ ਗਈ ਹੈ। ਆਪਣੇ ਲਈ ਤਾਂ ਹਰ ਕੋਈ ਜਿਉਂਦਾ ਹੈ ਪਰ ਉੱਤਮ ਜੀਉਣਾ ਉਹ ਹੈ ਜੋ ਦੂਜਿਆਂ ਲਈ ਜੀਵਿਆ ਜਾਏ। ਮਹਾਤਮਾ ਬੁੱਧ ਨੇ ਕਿਹਾ ਸੀ ਕਿ ਜੋ ਮੇਰੀ ਸੇਵਾ ਕਰਨਾ ਲੋਚਦਾ ਹੈ, ਉਹ ਕਿਸੇ ਰੋਗੀ ਦੀ ਸੇਵਾ ਕਰੇ। ਸਿੱਖ ਇਤਿਹਾਸ ਵਿਚ ਭਾਈ ਘਨ੍ਹਈਆ ਜੀ ਇਸੇ ਲਈ ਆਦਰਸ਼ ਹਨ ਕਿਉਂਕਿ ਉਨ੍ਹਾਂ ਦਾ ਜੀਵਨ ਸੇਵਾ ਨੂੰ ਅਰਪਿਤ ਸੀ। ਜੰਗਾਂ ਜੁੱਧਾਂ ਵਿਚ ਜ਼ਖ਼ਮੀਆਂ ਨੂੰ ਪਾਣੀ ਪਿਆਉਣਾ ਅਤੇ ਲੰਗਰ ਦੀ ਸੇਵਾ ਕਰਨਾ, ਉਨ੍ਹਾਂ ਦਾ ਕਰਤਾਰੀ ਕਰਮ ਸੀ। ਸੇਵਾ ਭਾਵਨਾ ਵਿੱਚੋਂ ਹੀ ਉਨ੍ਹਾਂ ਨੂੰ ਰੱਬੀ ਮਿਲਾਪ ਦਾ ਫ਼ਖ਼ਰ ਹਾਸਲ ਸੀ। ਅਨਹਦ ਨਾਦ ਦੀ ਧੁਨੀ ਦੀ ਗੂੰਜ ਹਰ ਪਲ ਉਨ੍ਹਾਂ ਨੂੰ ਖਿੜਾਉ ਟਿਕਾਉ ਵਿਚ ਰੱਖਦੀ ਸੀ। ਸੇਵਾ ਭਾਵਨਾ ਨੇ ਸਾਰੀ ਹਉਮੈਂ ਦਾ ਨਾਸ਼ ਕਰਨਾ ਹੁੰਦਾ ਹੈ ਅਤੇ ਜਿਸ ਅੰਦਰੋਂ ਹਉਮੈਂ ਮਿਟ ਗਈ ਹੈ, ਉਹ ਬ੍ਰਹਮ ਨਾਲ ਇੱਕਸਾਰ ਹੋ ਜਾਂਦਾ ਹੈ। ਬਾਣੀ ਵਿਚ ਉਪਦੇਸ਼ ਹੈ, "ਹਉਮੈਂ ਬੂਝੈ ਤਾਂ ਦਰਿ ਸੂਝੈ" ਸੇਵਾ ਜਿੱਥੇ ਹਉਮੈਂ ਤੋਂ ਮੁਕਤ ਕਰਦੀ ਹੈ ਉੱਥੇ ਦੂਜਿਆਂ ਨਾਲ ਜੋੜਦੀ ਵੀ ਹੈ। ਸੇਵਾ ਬਿਗਾਨਿਆਂ ਨੂੰ ਆਪਣਾ ਬਣਾ ਲੈਂਦੀ ਹੈ। ਬਾਣੀ ਵਿਚ ਸੇਵਾ ਦੇ ਮਹਾਤਮ ਨੂੰ ਇੰਜ ਪ੍ਰਗਟਾਇਆ ਹੈ—

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣ ਪਾਈਐ॥*

**1. ਸਿੱਖ ਧਰਮ ਵਿਚ ਕਿਸ ਮਹਾਤਮ ਨੂੰ ਸਭ ਤੋਂ ਉੱਚਾ ਰਖਿਆ ਗਿਆ ਹੈ?**

(ੳ) ਇਕਾਦਸੀ (ਅ) ਦੁਸ਼ਮਣੀ
(ੲ) ਸੇਵਾ (ਸ) ਵੈਰ ਕਮਾਉਣਾ

**2. ਸੇਵਾ ਕਿਹੜਾ ਮਨੁੱਖ ਕਰ ਸਕਦਾ ਹੈ?**

(ੳ) ਜਿਹੜਾ ਵੈਰ ਰਖਦਾ ਹੋਵੇ (ਅ) ਜਿਹੜਾ ਦੁੱਖ ਦਰਦ ਵੰਡਣ ਦੀ ਭਾਵਨਾ ਰਖਦਾ ਹੋਵੇ
(ੲ) ਜਿਹੜਾ ਲਾਲਚੀ ਹੋਵੇ (ਸ) ਜਿਹੜਾ ਈਰਖਾ ਰਖਦਾ ਹੋਵੇ

**3. ਉੱਤਮ ਜਿਉਣਾ ਕੀ ਹੈ?**

(ੳ) ਦੂਜਿਆਂ ਲਈ ਜੀਵਿਆ ਜਾਏ (ਅ) ਆਪਣੇ ਲਈ ਜੀਵਿਆ ਜਾਏ
(ੲ) ਮੂਰਖਾਂ ਲਈ ਜੀਵਿਆ ਜਾਏ (ਸ) ਪਰਿਵਾਰ ਲਈ ਜੀਵਿਆ ਜਾਏ

**4. ਭਾਈ ਘਨ੍ਹਈਆ ਨੂੰ ਸੇਵਾ ਭਾਵਨਾ ਵਿਚੋਂ ਕਿਸ ਦਾ ਫ਼ਖ਼ਰ ਹਾਸਿਲ ਸੀ?**

(ੳ) ਰੱਬੀ ਮਿਲਾਪ ਦਾ (ਅ) ਦੋਸਤਾਂ ਦੀ ਦੋਸਤੀ ਦਾ
(ੲ) ਲੋਕਾਂ ਦੇ ਸਾਥ ਦਾ (ਸ) ਪਰਿਵਾਰ ਦਾ

**5. ਸੇਵਾ ਭਾਵਨਾ ਕਿਸ ਦਾ ਨਾਸ ਕਰਦੀ ਹੈ?**

(ੳ) ਹਉਮੈਂ (ਅ) ਮੂਰਖਤਾ
(ੲ) ਚੰਚਲਤਾ (ਸ) ਬੇਵਕੂਫ਼ੀ

**11** ਨਸ਼ਿਆਂ ਦੀ ਗਲਤ ਪ੍ਰਵਿਰਤੀ ਵਿਅਕਤੀ ਨੂੰ ਆਰਥਕ ਤੇ ਸਰੀਰਕ ਤੌਰ 'ਤੇ ਬਰਬਾਦ ਕਰ ਕੇ ਰੱਖ ਦਿੰਦੀ ਹੈ, ਇਸ ਕਰਕੇ ਨੌਜਵਾਨ ਵਰਗ ਨੂੰ ਇਸ ਪ੍ਰਵਿਰਤੀ ਤੋਂ ਬਚਣਾ ਚਾਹੀਦਾ ਹੈ। ਕਈ ਨੌਜਵਾਨ ਪੜ੍ਹਾਈ ਦੇ ਲਈ ਲੋੜੀਂਦੇ ਜ਼ਰੂਰੀ ਸਾਧਨਾਂ ਦੀ ਘਾਟ ਦਾ ਹਵਾਲਾ ਦੇ ਕੇ ਮਿਹਨਤ ਕਰਨ ਤੋਂ ਭੱਜਦੇ ਰਹਿੰਦੇ ਹਨ ਤੇ ਕਈ "ਅੱਜ ਲਾਈਟ ਬੰਦ ਰਹੀ", "ਮੂਡ ਨਹੀਂ ਹੈ", "ਕੱਲ੍ਹ ਕਰ ਲਵਾਂਗੇ" ਦਾ ਬਹਾਨਾ ਬਣਾ ਕੇ ਮਿਹਨਤ ਤੋਂ ਮੂੰਹ ਮੋੜ ਲੈਂਦੇ ਹਨ ਤੇ ਨਸ਼ਿਆਂ ਦੀ ਦਲਦਲ ਵਿਚ ਫਸ ਜਾਂਦੇ ਹਨ, ਜਿੱਥੋਂ ਇਨ੍ਹਾਂ ਦਾ ਫਿਰ ਨਿਕਲਣਾ ਔਖਾ ਹੋ ਜਾਂਦਾ ਹੈ। ਅਜਿਹੇ ਨੌਜਵਾਨਾਂ ਨੂੰ ਇਬਰਾਹੀਮ ਲਿੰਕਨ ਤੇ ਚਾਰਲੀ ਚੈਪਲਿਨ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਇਬਰਾਹੀਮ ਲਿੰਕਨ ਜੋ ਘਰ ਦੀਆਂ ਤੰਗੀਆਂ ਦੇ ਬਾਵਜੂਦ ਰੇਤ ਨੂੰ

ਸਲੇਟ ਤੇ ਉਂਗਲੀ ਨੂੰ ਕਲਮ ਬਣਾ ਕੇ, ਸਟਰੀਟ ਲਾਈਟ ਦੀ ਰੌਸ਼ਨੀ ਵਿਚ ਪੜ੍ਹ ਕੇ ਸਭ ਤੋਂ ਉੱਚੇ ਅਹੁਦੇ ਅਮਰੀਕਾ ਦਾ ਰਾਸ਼ਟਰਪਤੀ ਬਣਿਆ, ਉਸ ਨੇ ਅਵੇਸਲੇਪਨ ਦਾ ਤਿਆਗ ਕੀਤਾ ਅਤੇ ਪੱਕੇ ਇਰਾਦੇ ਤੇ ਮਿਹਨਤ ਦੇ ਬਲਬੂਤੇ 'ਤੇ ਸਫਲਤਾ ਪ੍ਰਾਪਤ ਕੀਤੀ। ਵਿਸ਼ਵ ਪ੍ਰਸਿੱਧ ਹਾਸ-ਰਸ ਕਲਾਕਾਰ ਚਾਰਲੀ ਚੈਪਲਿਨ ਆਪਣੀ ਮਿਹਨਤ, ਕਾਬਲੀਅਤ ਤੇ ਦ੍ਰਿੜ ਇਰਾਦੇ ਸਦਕਾ ਹੀ ਸਾਰੀ ਦੁਨੀਆ ਨੂੰ ਹਸਾਉਂਦਾ ਰਿਹਾ। ਇਸ ਤੋਂ ਇਲਾਵਾ ਸਾਨੂੰ ਹੋਰ ਵੀ ਕਈ ਢੇਰ ਸਾਰੀਆਂ ਉਦਾਹਰਨਾਂ ਮਿਲਦੀਆਂ ਹਨ, ਜਿਹਨਾਂ ਨੇ ਕਈ ਦੁੱਖ ਤਕਲੀਫਾਂ ਸਹਿੰਦੇ ਹੋਏ ਕਦੀ ਨਿਰਾਸ਼ਾ ਦਾ ਪੱਲਾ ਨਹੀਂ ਫੜਿਆ ਅਤੇ ਜ਼ਿੰਦਾਦਿਲੀ ਨਾਲ ਜਿਉਂਦੇ ਰਹੇ।

**1. ਨਸ਼ਿਆਂ ਦੀ ਪ੍ਰਵਿਰਤੀ ਵਿਅਕਤੀ ਨੂੰ ਕਿਵੇਂ ਬਰਬਾਦ ਕਰਦੀ ਹੈ?**

(ੳ) ਭੁੱਖ ਤੋਂ (ਅ) ਇਖਲਾਕੀ ਤੌਰ 'ਤੇ

(ੲ) ਆਰਥਿਕ ਤੇ ਸਰੀਰਕ ਤੌਰ 'ਤੇ (ਸ) ਪਿਆਰ ਤੋਂ

**2. ਨਸ਼ਿਆਂ ਦੀ ਦਲਦਲ ਵਿਚ ਕਿਹੜੇ ਨੌਜਵਾਨ ਫਸ ਜਾਂਦੇ ਹਨ?**

(ੳ) ਜਿਹੜੇ ਮਿਹਨਤ ਤੋਂ ਮੂੰਹ ਮੋੜਦੇ ਹਨ (ਅ) ਜਿਹੜੇ ਬਹੁਤ ਫ਼ਜ਼ੂਲ ਖਰਚ ਕਰਦੇ ਹਨ

(ੲ) ਜਿਹੜੇ ਬਹੁਤ ਸੌਂਦੇ ਹਨ (ਸ) ਜਿਹੜੇ ਬਹੁਤ ਖਾਂਦੇ ਹਨ

**3. ਨੌਜਵਾਨਾਂ ਨੂੰ ਕਿਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ?**

(ੳ) ਮੂਰਖਾਂ ਦੇ (ਅ) ਇਬਰਾਹੀਮ ਲਿੰਕਨ ਤੇ ਚਾਰਲੀ ਚੈਪਲਿਨ ਦੇ

(ੲ) ਲੋਭੀਆਂ ਦੇ (ਸ) ਗੁੱਸੇ ਵਾਲਿਆਂ ਦੇ

**4. ਅਮਰੀਕਾ ਦੇ ਸਭ ਤੋਂ ਉੱਚੇ ਅਹੁਦੇ (ਰਾਸ਼ਟਰਪਤੀ ਦਾ ਅਹੁਦਾ) ਉੱਤੇ ਕੌਣ ਪੁੱਜਾ?**

(ੳ) ਗਿਆਨੀ ਜ਼ੈਲ ਸਿੰਘ (ਅ) ਇਬਰਾਹੀਮ ਲਿੰਕਨ

(ੲ) ਜ਼ਾਕਿਰ ਹੁਸੈਨ (ਸ) ਲਾਲ ਬਹਾਦੁਰ ਸ਼ਾਸ਼ਤਰੀ

**5. ਵਿਸ਼ਵ ਪ੍ਰਸਿੱਧ ਹਾਸ-ਰਸ ਕਲਾਕਾਰ ਕੌਣ ਸੀ?**

(ੳ) ਜਾਨੀਵਾਕਰ (ਅ) ਨਸੀਰੂਦੀਨ

(ੲ) ਮਿਹਰਮਿੱਤਲ (ਸ) ਚਾਰਲੀ ਚੈਪਲਿਨ

**12** ਜਿਹੜਾ ਇਨਸਾਨ ਆਪਣੀ ਦ੍ਰਿਸ਼ਟੀ ਨੂੰ ਸਪੱਸ਼ਟ ਤੇ ਸਾਫ਼ ਰੱਖ ਕੇ ਚਲਦਾ ਹੈ, ਉਹ ਕਦੇ ਠੇਡੇ ਨਹੀਂ ਖਾਂਦਾ, ਸਗੋਂ ਸਿੱਧਾ ਮੰਜ਼ਲ ਵੱਲ ਵਧਦਾ ਜਾਂਦਾ ਹੈ। ਉਸ ਨੂੰ ਕੰਮ ਕਰਦਿਆਂ ਕੋਈ ਉਲਝਣ ਵੀ ਪੈਦਾ ਨਹੀਂ ਹੁੰਦੀ। ਪਰ, ਜੇ ਦ੍ਰਿਸ਼ਟੀ ਸਾਫ਼ ਤੇ ਸਪੱਸ਼ਟ ਨਾ ਹੋਵੇ ਤਾਂ ਸਿੱਧੇ ਰਾਹ ਵੀ ਟੇਡੇ ਨਜ਼ਰ ਆਉਂਦੇ ਹਨ। ਸਭ ਕੁਝ ਦੇ ਹੁੰਦਿਆਂ ਹੋਇਆਂ ਵੀ ਇਨਸਾਨ, ਭਟਕਣ 'ਚ ਪਿਆ ਰਹਿੰਦਾ ਹੈ ਤੇ ਸਮਾਂ ਬਿਤਾਉਣ ਖਾਤਰ ਦੁਕਾਨਾਂ ਦੇ ਚੱਕਰ ਕਟਦਾ ਹੈ, ਸਟੋਰਾਂ ਉੱਤੇ ਜਾ ਕੇ ਐਵੇਂ ਕਿਵੇਂ ਹੀ ਬੇਲੋੜੀਆਂ ਚੀਜ਼ਾਂ ਚੁੱਕੀ ਆਉਂਦਾ ਹੈ। ਇਨ੍ਹਾਂ ਚੀਜ਼ਾਂ ਨਾਲ ਘਰ ਭਰ ਲੈਂਦਾ ਹੈ ਪਰ ਇੰਜ ਘਰ ਭਰ ਕੇ ਵੀ ਸੰਤੁਸ਼ਟੀ ਨਹੀਂ ਹੁੰਦੀ। ਮਨ ਰਾਜ਼ੀ ਨਹੀਂ ਹੁੰਦਾ। ਦਿਲ ਨਹੀਂ ਬਹਿਲਦਾ। ਜ਼ਿੰਦਗੀ ਜਿਵੇਂ ਕਿਵੇਂ ਬੋਝਲ ਬਣੀ ਰਹਿੰਦੀ ਹੈ। ਇਨਸਾਨ ਦਾ ਸਿਰ ਦਰਦ ਕਰਨ ਲਗਦਾ ਹੈ। ਸਿਰ ਦਰਦ ਦੀਆਂ ਗੋਲੀਆਂ ਖਾਈ ਜਾਂਦਾ ਹੈ। ਕਦੇ ਡਾਕਟਰ ਕੋਲ ਜਾ ਕੇ ਨਬਜ਼ ਵਿਖਾਉਂਦਾ ਹੈ। ਬਲੱਡ-ਪ੍ਰੈਸ਼ਰ ਵਧ ਜ਼ਾਂਦਾ ਹੈ। ਉਹ ਉੱਚੀ ਬੋਲਦਾ/ਬੋਲਦੀ ਹੈ। ਅੱਜ ਦੇ ਇਨਸਾਨ ਦੀ ਇਹ ਤ੍ਰਾਸਦੀ ਹੈ ਕਿ ਉਸ ਨੂੰ ਸਮਝ ਨਹੀਂ ਆਉਂਦੀ, ਉਹ ਆਪਣੇ ਅਕੇਵੇਂ ਦਾ ਕੀ ਕਰੇ? ਆਪਣੀ ਉਦਾਸੀ ਦਾ ਕੀ ਹੱਲ ਲਭੇ ਤੇ ਆਪਣੇ ਸੱਖਣੇ ਮਨ ਨੂੰ ਕਿਵੇਂ ਜਰੇ? ਆਪਣੀ ਅਰਥ-ਹੀਣਤਾ ਨੂੰ ਕਿਵੇਂ ਬਰਦਾਸ਼ਤ ਕਰੇ? ਇਹੀ ਸਵਾਲ ਜ਼ਿੰਦਗੀ ਦਾ ਸਭ ਤੋਂ ਔਖਾ ਸਵਾਲ ਹੈ। ਇਸ ਸਵਾਲ ਨੂੰ ਹੱਲ ਕਰਨ ਲਈ ਇਨਸਾਨ ਨੂੰ ਆਪਣੀ ਜ਼ਿੰਦਗੀ ਦਾ ਮਨੋਰਥ ਲਭਣਾ ਪਵੇਗਾ। ਬਿਨਾਂ ਮਨੋਰਥ ਲਭਿਆਂ ਜ਼ਿੰਦਗੀ ਨਹੀਂ ਜੀਵੀ ਜਾ ਸਕਦੀ। [redacted]

**1. ਜਿਸ ਮਨੁੱਖ ਦੀ ਦ੍ਰਿਸ਼ਟੀ ਸਪਸ਼ਟ ਤੇ ਸਾਫ਼ ਹੋਵੇ ਉਹ ਕਿਧਰ ਵਧਦਾ ਜਾਂਦਾ ਹੈ?**

(ੳ) ਬੁਰਾਈ ਦੇ ਰਸਤੇ ਪੈ ਜਾਂਦਾ ਹੈ (ਅ) ਸਿੱਧਾ ਮੰਜ਼ਲ ਵਲ ਵਧਦਾ ਜਾਂਦਾ ਹੈ

(ੲ) ਉਲਝਣਾ ਵਿਚ ਫਸਦਾ ਜਾਂਦਾ ਹੈ (ਸ) ਟੇਢੇ-ਮੇਢੇ ਰਸਤਿਆਂ ਵਲ ਵਧਦਾ ਜਾਂਦਾ ਹੈ

2. ਮਨੁੱਖ ਕਦੋਂ ਭਟਕਣ ਵਿਚ ਪਿਆ ਰਹਿੰਦਾ ਹੈ?

(ੳ) ਜੇ ਮਨੁੱਖ ਬਹੁਤ ਜ਼ਿਆਦਾ ਸੌਂਦਾ ਹੋਵੇ (ਅ) ਜੇ ਮਨੁੱਖ ਹਰ ਵਕਤ ਦੁਕਾਨਾਂ ਦੇ ਚੱਕਰ ਕਟਦਾ ਹੋਵੇ

(ੲ) ਜੇ ਮਨੁੱਖ ਕੋਲ ਦ੍ਰਿਸ਼ਟੀ ਸਾਫ਼ ਤੇ ਸਪਸ਼ਟ ਨਾ ਹੋਵੇ (ਸ) ਜੇ ਮਨੁੱਖ ਬਾਜ਼ਾਰੋਂ ਬੇਲੋੜੀਆਂ ਚੀਜ਼ਾਂ ਖਰੀਦਦਾ ਹੋਵੇ

3. ਅੱਜ ਦੇ ਮਨੁੱਖ ਦੀ ਤ੍ਰਾਸਦੀ ਕੀ ਹੈ?

(ੳ) ਉਸ ਨੂੰ ਸਮਝ ਨਹੀਂ ਆਉਂਦੀ ਕਿ ਉਹ ਆਪਣੇ ਅਕੇਵੇਂ ਦਾ ਕੀ ਕਰੇ (ਅ) ਉਹ ਡਾਕਟਰਾਂ ਵਲ ਨਸਦਾ ਫਿਰਦਾ ਹੈ

(ੲ) ਸਿਰ ਦਰਦ ਦੀਆਂ ਗੋਲੀਆਂ ਖਾਈ ਜਾ ਰਿਹਾ ਹੈ (ਸ) ਬੇਲੋੜੀਆਂ ਚੀਜ਼ਾਂ ਨਾਲ ਘਰ ਭਰੀ ਜਾਂਦਾ ਹੈ

4. ਜ਼ਿੰਦਗੀ ਦਾ ਸਭ ਤੋਂ ਔਖਾ ਸਵਾਲ ਕੀ ਹੈ?

(ੳ) ਆਪਣੀ ਥਕਾਵਟ ਨੂੰ ਦੂਰ ਕਿਵੇਂ ਕਰੇ (ਅ) ਆਪਣੀ ਨੀਂਦ ਨੂੰ ਕਿਵੇਂ ਪੂਰਾ ਕਰੇ

(ੲ) ਸਵੇਰੇ ਉੱਠ ਕੇ ਰੋਜ਼ ਕਸਰਤ ਕਿਵੇਂ ਕਰੇ (ਸ) ਆਪਣੀ ਅਰਥ-ਹੀਣਤਾ ਨੂੰ ਕਿਵੇਂ ਬਰਦਾਸ਼ਤ ਕਰੇ

5. ਮਨੁੱਖ ਨੂੰ ਜ਼ਿੰਦਗੀ ਦੇ ਔਖੇ ਸਵਾਲ ਨੂੰ ਹੱਲ ਕਰਨ ਲਈ ਕੀ ਕਰਨਾ ਪਵੇਗਾ?

(ੳ) ਆਪਣੀ ਜ਼ਿੰਦਗੀ ਦਾ ਮਨੋਰਥ ਲਭਣਾ ਪਵੇਗਾ (ਅ) ਨਸ਼ਿਆਂ ਵਿਚ ਡੁੱਬਿਆ ਰਹਿਣਾ ਪਵੇਗਾ

(ੲ) ਸਾਰਾ ਦਿਨ ਰੋਂਦੇ ਰਹਿਣਾ ਪਵੇਗਾ (ਸ) ਸਾਰਾ ਦਿਨ ਭੁੱਖੇ ਰਹਿਣਾ ਪਵੇਗਾ

**13** ਕੁਦਰਤ, ਵਿਗਿਆਨ, ਸਮਾਜ, ਸਾਹਿਤ, ਸਕੂਲ ਤੇ ਸੰਗਤ ਗਿਆਨ ਪ੍ਰਾਪਤੀ ਦੇ ਵੱਡੇ ਸਰੋਤ ਹਨ। ਕੁਦਰਤ ਨੂੰ ਗਹੁ ਨਾਲ ਵਾਚਿਆਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ। ਰੋਜ਼ਾਨਾ ਦੇ ਕਾਰਜ ਨਿਭਾਉਂਦਿਆਂ ਅਸੀਂ ਸਮਾਜ 'ਚੋਂ ਕਾਫੀ ਕੁੱਝ ਸਿੱਖਦੇ ਰਹਿੰਦੇ ਹਾਂ। ਸ਼੍ਰੋਮਣੀ ਸਾਹਿਤ ਪੜ੍ਹਨ ਨਾਲ ਗਿਆਨ ਭੰਡਾਰ ਵਿਸ਼ਾਲ ਹੋ ਜਾਂਦਾ ਹੈ। ਪੁਸਤਕਾਂ ਮਨ ਦੇ ਬੰਦ ਦਰਵਾਜ਼ਿਆਂ ਨੂੰ ਖੋਲ੍ਹ ਕੇ ਮਨੁੱਖ ਨੂੰ ਨਵੇਂ-ਨਵੇਂ ਅਨੁਭਵ ਕਰਾ ਕੇ ਗਿਆਨ ਦੇ ਨਵੇਂ ਸੰਸਾਰ ਵਿਚ ਪਹੁੰਚਾ ਦਿੰਦੀਆਂ ਹਨ। ਮਹਾਨ ਪੁਰਖਾਂ, ਦਾਰਸ਼ਨਿਕਾਂ, ਵਿਦਵਾਨਾਂ, ਵਿਗਿਆਨੀਆਂ, ਸਾਹਿਤਕਾਰਾਂ ਦੇ ਫਲਸਫੇ ਤੇ ਜੀਵਨ ਵੇਰਵਿਆਂ ਦੇ ਅਧਿਐਨ ਰਾਹੀਂ ਗਿਆਨ ਵਿਚ ਭਰਪੂਰ ਵਾਧਾ ਹੁੰਦਾ ਹੈ। ਚੰਗੀ ਸੰਗਤ ਨਾਲ ਜੁੜ ਕੇ ਸਾਰਥਕ ਵਿਚਾਰ-ਵਟਾਂਦਰਾ ਕਰਦਿਆਂ ਅਸੀਂ ਸਿਆਣੇ ਹੋ ਜਾਂਦੇ ਹਾਂ। ਯਾਤਰਾਵਾਂ ਦੌਰਾਨ ਨਵੇਂ ਲੋਕਾਂ ਦੇ ਸੰਪਰਕ 'ਚ ਆਉਣ ਅਤੇ ਨਵੀਆਂ ਥਾਂਵਾਂ, ਦ੍ਰਿਸ਼ਾਂ, ਨਜ਼ਾਰਿਆਂ ਨੂੰ ਅੱਖੀਂ ਤੱਕਣ ਨਾਲ ਗਿਆਨ ਵਧ ਜਾਂਦਾ ਹੈ। ਸਵੈ-ਪੜਚੋਲ ਰਾਹੀਂ ਮਨੁੱਖ ਆਪਣੇ-ਆਪ ਨੂੰ ਦਰੁਸਤ ਕਰ ਸਕਦਾ ਹੈ। ਗਿਆਨ ਦੇ ਵਸੀਹ ਪ੍ਰਭਾਵਾਂ ਨੂੰ ਸਵੀਕਾਰ ਕਰਦਿਆਂ ਮਨੁੱਖ ਨੂੰ ਗਿਆਨ ਪ੍ਰਾਪਤੀ ਲਈ ਤਤਪਰ ਰਹਿਣਾ ਚਾਹੀਦਾ ਹੈ।

[redacted]

1. ਗਿਆਨ ਪ੍ਰਾਪਤੀ ਦੇ ਕਿਹੜੇ ਵੱਡੇ ਸਰੋਤ ਹਨ?

(ੳ) ਭਟਕਣ, ਉਲਝਣ, ਉਦਾਸੀ, ਗੰਭੀਰਤਾ, ਸੈਰ ਸਪਾਟਾ (ਅ) ਕੁਦਰਤ, ਵਿਗਿਆਨ, ਸਮਾਜ, ਸਾਹਿਤ, ਸਕੂਲ ਤੇ ਸੰਗਤ

(ੲ) ਦੂਰਅੰਦੇਸ਼ੀ, ਨਜ਼ਾਕਤ, ਫ਼ਰੇਬ, ਚਲਾਕੀ, ਸਫ਼ਰ (ਸ) ਖ਼ੂਬਸੂਰਤੀ, ਯਾਤਰਾ, ਤੀਰਥ, ਚਤੁਰਾਈ, ਸਿਹਤ

2. ਕਿਹੜਾ ਸਾਹਿਤ ਪੜ੍ਹਨ ਨਾਲ ਗਿਆਨ ਭੰਡਾਰ ਵਿਸ਼ਾਲ ਹੁੰਦਾ ਹੈ?

(ੳ) ਕਾਵਿ ਸਾਹਿਤ (ਅ) ਗਲਪ ਸਾਹਿਤ

(ੲ) ਸ਼੍ਰੋਮਣੀ ਸਾਹਿਤ (ਸ) ਸਵੈਜੀਵਨੀ ਸਾਹਿਤ

3. ਕੌਣ ਮਨੁੱਖ ਦੇ ਮਨ ਦੇ ਦਰਵਾਜ਼ੇ ਖੋਲ੍ਹ ਕੇ ਗਿਆਨ ਦੇ ਨਵੇਂ ਸੰਸਾਰ ਵਿਚ ਪਹੁੰਚਾਉਂਦਾ ਹੈ?

(ੳ) ਸਾਧੂ ਸੰਤ (ਅ) ਸੰਗਤ

(ੲ) ਯਾਤਰਾ (ਸ) ਪੁਸਤਕਾਂ

4. ਮਨੁੱਖ ਆਪਣੇ-ਆਪ ਨੂੰ ਕਿਵੇਂ ਦਰੁਸਤ ਕਰ ਸਕਦਾ ਹੈ?

(ੳ) ਸਵੈਪੜਚੋਲ ਕਰਨ ਨਾਲ (ਅ) ਸਵੈਨਿੰਦਿਆ ਸੁਣ ਕੇ

(ੲ) ਸਵੈ ਪ੍ਰਸੰਸਾ ਕਰ ਕੇ (ਸ) ਦੂਜਿਆਂ ਦੀ ਨਿੰਦਾ ਕਰ ਕੇ

5. **ਮਨੁੱਖ ਨੂੰ ਗਿਆਨ ਪ੍ਰਾਪਤੀ ਲਈ ਹਮੇਸ਼ਾ ਕੀ ਕਰਨਾ ਚਾਹੀਦਾ ਹੈ?**

(ੳ) ਹਮੇਸ਼ਾ ਖ਼ੁਸ਼ੀ ਵਿਚ ਰਹਿਣਾ ਚਾਹੀਦਾ ਹੈ (ਅ) ਹਮੇਸ਼ਾ ਤਤਪਰ ਰਹਿਣਾ ਚਾਹੀਦਾ ਹੈ

(ੲ) ਹਮੇਸ਼ਾ ਦੁੱਖੀ ਰਹਿਣਾ ਚਾਹੀਦਾ ਹੈ (ਸ) ਹਮੇਸ਼ਾ ਭਜ-ਦੌੜ ਕਰਨੀ ਚਾਹੀਦੀ ਹੈ

**14** ਜਿਹੜੇ ਇਨਸਾਨ ਜ਼ਿੰਦਗੀ ਦਾ ਖੇੜਾ, ਫੁੱਲਾਂ ਦੇ ਰੰਗਾਂ ਤੇ ਤਿਤਲੀਆਂ ਦੀ ਰਸਭਿੰਨੀ ਉਡਾਣ ਵਿਚੋਂ ਲਭਦੇ ਹਨ, ਉਹ ਜ਼ਿੰਦਗੀ ਦੇ ਹਰ ਮਹਾਜ਼ 'ਤੇ ਹੀ ਜ਼ਿੰਦਗੀ ਨੂੰ ਪ੍ਰਸੰਨ ਤੇ ਖੁਸ਼ ਰਖਣ ਦੀ ਆਦਤ ਬਣਾ ਲੈਂਦੇ ਹਨ। ਉਨ੍ਹਾਂ ਲਈ ਤਾਂ ਕੁਦਰਤ ਦੀ ਵਿਸ਼ਾਲਤਾ, ਰੁੱਖਾਂ, ਬੂਟਿਆਂ ਦੀ ਵੰਨ-ਸੁਵੰਨਤਾ ਤੇ ਵਗਦੇ ਪਾਣੀਆਂ ਦੀ ਮਿੱਠੀ ਤੇ ਰਸਭਿੰਨੀ ਆਵਾਜ਼ ਵੀ ਅੰਮ੍ਰਿਤ-ਰਸ, ਕੰਨਾਂ ਵਿਚ ਘੋਲ ਸਕਦੀ ਹੈ। ਇਹ ਤਾਂ ਬੱਚੇ ਦੀ ਅਭੋਲਤਾ ਤੇ ਸੁੰਦਰ ਮੁਸਕਾਨ ਵਿਚੋਂ ਵੀ ਰੱਬ ਲਭ ਲੈਂਦੇ ਹਨ। ਫਿਰ ਇਨ੍ਹਾਂ ਨੂੰ ਜ਼ਿੰਦਗੀ ਦਾ ਖੇੜਾ ਤੇ ਪ੍ਰਸੰਨਤਾ ਲਭਣੀ ਕਿਵੇਂ ਮੁਸ਼ਕਲ ਜਾਪ ਸਕਦੀ ਹੈ। ਖੇੜੇ ਵਿਚ ਮੁਹਬਤ ਦੀ ਕਲਾ ਵਰਤਦੀ ਹੈ। ਪਿਆਰ ਹੀ ਇਸ ਦੀ ਹੋਂਦ ਦਾ ਕਾਰਨ ਬਣਦਾ ਹੈ। ਫੁੱਲ ਮੁਹੱਬਤ ਅੰਦਰ ਤੇ ਮੁਹੱਬਤ ਖਾਤਰ ਖਿੜਦਾ ਹੈ। ਉਹ ਕੀੜਿਆਂ ਰਾਹੀਂ, ਪਤੰਗਿਆਂ ਰਾਹੀਂ, ਭੌਰਿਆਂ ਰਾਹੀਂ, ਤਿਤਲੀਆਂ ਰਾਹੀਂ ਦੂਜੇ ਫੁੱਲ ਨੂੰ ਪਿਆਰ-ਸੰਦੇਸ਼ ਭੇਜਦਾ ਹੈ। ਇਸੇ ਤਰ੍ਹਾਂ ਆਤਮਾ ਵੀ ਮੁਹੱਬਤ ਵਿਚ ਹੀ ਖਿੜਦੀ ਹੈ। ਮਨੁੱਖ ਨਾਲ ਪਿਆਰ ਕਰੋ ਤਾਂ ਚਿੱਤ ਖਿੜਦਾ ਹੈ। ਰੱਬ ਨਾਲ ਪਿਆਰ ਕਰੋ ਤਾਂ ਆਤਮਾ ਵਿਗਸਦੀ ਹੈ। ਪਿਆਰ ਬਾਝੋਂ ਤਾਂ ਖੇੜੇ ਦਾ ਵਜੂਦ ਹੀ ਨਾ-ਮੁਮਕਿਨ ਹੈ।

ਮਨੁੱਖਤਾ ਨੂੰ ਪਿਆਰ ਕਰਨਾ ਸਿਖੋ, ਜ਼ਿੰਦਗੀ ਦਾ ਸਾਰਾ ਬੋਝ ਕਿਧਰੇ ਅਲੋਪ ਹੋ ਜਾਵੇਗਾ। ਜ਼ਿੰਦਗੀ ਬੋਝਲ ਨਹੀਂ ਜਾਪੇਗੀ। ਤੁਹਾਡੇ ਚਿਹਰੇ ਤੋਂ ਹੀ ਇਸ ਨੂਰ ਦੀ ਝਲਕ ਵਿਖਾਈ ਦੇ ਜਾਵੇਗੀ। [redacted]

1. **ਕਿਹੜੇ ਮਨੁੱਖਾਂ ਨੂੰ ਜ਼ਿੰਦਗੀ ਵਿਚ ਖੇੜਾ ਜਾਂ ਪ੍ਰਸੰਨਤਾ ਮਿਲਦੀ ਹੈ?**

(ੳ) ਜਿਹੜੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਮਾਣਦੇ ਹਨ (ਅ) ਜਿਹੜੇ ਰਾਤ ਨੂੰ ਕਲਬਾਂ ਵਿਚ ਜਾ ਕੇ ਡਾਂਸ ਕਰਦੇ ਹਨ

(ੲ) ਜਿਹੜੇ ਬਹੁਤ ਫ਼ਿਲਮਾਂ ਵੇਖਦੇ ਹਨ (ਸ) ਜਿਹੜੇ ਬਹੁਤ ਖਾਣ-ਪੀਣ ਦੇ ਸ਼ੌਕੀਨ ਹੁੰਦੇ ਹਨ

2. **ਖੇੜੇ ਵਿਚ ਕਿਸ ਦੀ ਕਲਾ ਵਰਤਦੀ ਹੈ?**

(ੳ) ਵੈਰ-ਵਿਰੋਧ ਦੀ ਕਲਾ (ਅ) ਈਰਖਾ ਦੀ ਕਲਾ

(ੲ) ਮੁਹੱਬਤ ਦੀ ਕਲਾ (ਸ) ਜੀਵਨ ਜੀਉਣ ਦੀ ਕਲਾ

3. **ਰੱਬ ਨਾਲ ਪਿਆਰ ਕਰਨ 'ਤੇ ਕੀ ਹੁੰਦਾ ਹੈ?**

(ੳ) ਵਹਿਮ-ਭਰਮ ਵਧਦੇ ਹਨ (ਅ) ਜਿਉਣਾ ਮੁਸ਼ਕਲ ਹੁੰਦਾ ਹੈ

(ੲ) ਮਨੁੱਖ ਸੁਧ-ਬੁਧ ਖੋਹ ਦਿੰਦਾ ਹੈ (ਸ) ਆਤਮਾ ਵਿਗਸਦੀ ਹੈ

4. **ਮਨੁੱਖਾਂ ਨਾਲ ਪਿਆਰ ਕਰਨ 'ਤੇ ਕੀ ਖਿੜਦਾ ਹੈ?**

(ੳ) ਦੁਨੀਆ ਖਿੜਦੀ ਹੈ (ਅ) ਫੁੱਲ ਖਿੜਦੇ ਹਨ

(ੲ) ਚਿੱਤ ਖਿੜਦਾ ਹੈ (ਸ) ਕਿਆਰੀਆਂ ਖਿੜਦੀਆਂ ਹਨ

5. **ਜ਼ਿੰਦਗੀ ਦਾ ਸਾਰਾ ਬੋਝ ਕਿਵੇਂ ਅਲੋਪ ਹੋ ਸਕਦਾ ਹੈ?**

(ੳ) ਆਪਣਾ ਸੁਆਰਥ ਪੂਰਾ ਕਰਨ ਨਾਲ (ਅ) ਮਨੁੱਖਤਾ ਨਾਲ ਪਿਆਰ ਕਰਨਾ ਸਿੱਖਣ ਨਾਲ

(ੲ) ਦੂਸਰਿਆਂ ਨੂੰ ਨੁਕਸਾਨ ਪਹੁੰਚਾਉਣ ਨਾਲ (ਸ) ਦੂਸਰਿਆਂ ਨਾਲ ਨਫ਼ਰਤ ਕਰਨ ਨਾਲ

**15** ਆਭਾਰ ਮੰਨਣਾ ਇਕ ਕਮਾਲ ਦਾ ਅਹਿਸਾਸ ਹੈ ਜੋ ਦੂਸਰਿਆਂ ਨੂੰ ਇਹ ਦੱਸ ਦੇਂਦਾ ਹੈ ਕਿ ਉਹ ਕਿੰਨੇ ਅਹਿਮ ਹਨ। ਜਦੋਂ ਮੀਂਹ ਪੈ ਰਿਹਾ ਹੁੰਦਾ ਹੈ ਤਾਂ ਸੜਕ 'ਤੇ ਕਾਰਾਂ, ਗੱਡੀਆਂ ਚਲਦੀਆਂ ਹਨ ਤੇ ਕਦੀ ਅਸੀਂ ਪੈਦਲ ਜਾ ਰਹੇ ਹੁੰਦੇ ਤਾਂ ਚਿੱਕੜ/ਮਿੱਟੀ ਤੋਂ ਬਚਦੇ ਹਾਂ ਜੋ ਟਰੈਫਿਕ ਕਾਰਨ ਸਾਡੇ 'ਤੇ ਪੈ ਸਕਦੀ ਹੈ। ਉਸ ਵਕਤ ਇਕ ਕਾਰ ਬੇਹੱਦ ਧੀਮੀ ਰਫ਼ਤਾਰ ਵਿਚ ਸਿਰਫ ਇਸ ਕਰਕੇ ਕਿ ਸਾਡੇ 'ਤੇ ਚਿਕੜ ਨਾ ਪੈ ਜਾਵੇ। ਅਸੀਂ ਉਸ ਕਾਰ ਚਾਲਕ ਪ੍ਰਤੀ ਮੁਸਕਰਾ ਕੇ ਆਪਣਾ ਆਭਾਰ ਵਿਅਕਤ ਕਰਦੇ ਹਾਂ। ਇਸ ਤਰ੍ਹਾਂ ਸਾਡਾ ਇਕ ਭਲੇ ਪੁਰਸ਼ 'ਤੇ ਵਿਸ਼ਵਾਸ ਕਾਇਮ ਹੋ ਗਿਆ ਹੁੰਦਾ ਹੈ। ਆਭਾਰ ਦੇ ਇਹੋ ਫਾਇਦੇ ਹਨ, ਜੋ ਦਿੱਸਦੇ ਤਾਂ ਨਹੀਂ

ਪਰ ਮਹਿਸੂਸ ਕੀਤੇ ਜਾ ਸਕਦੇ ਹਨ। ਜੇ ਅਸੀਂ ਪੜ੍ਹ ਰਹੇ ਹਾਂ ਜਾਂ ਕੁਝ ਲਿਖ ਰਹੇ ਹਾਂ ਤਾਂ ਉਸ ਨੂੰ ਵਿੱਚੇ ਛੱਡ ਕੇ ਥੋੜ੍ਹੀ ਦੇਰ ਵਾਸਤੇ ਚੁੱਪ-ਚਾਪ ਬੈਠੇ ਰਹੀਏ, ਫਿਰ ਲੰਮਾ ਸਾਹ ਲੈ ਕੇ ਆਪਣੇ ਆਸਪਾਸ ਕਮਰੇ ਵਿਚ ਵੇਖੀਏ, ਕੋਈ ਪੁਰਾਣੀ ਫੋਟੋ ਜਾਂ ਫਰੇਮ ਕਰਵਾ ਕੇ ਕੰਧ 'ਤੇ ਟੰਗੀ ਹੈ ਜਾਂ ਹੋਰ ਕੋਈ ਪੁਰਾਣੀ ਚੀਜ਼ ਜੋ ਸਾਨੂੰ ਬਹੁਤ ਪਸੰਦ ਹੈ, ਉਸ ਨੂੰ ਧਿਆਨ ਨਾਲ ਵੇਖੀਏ ਤੇ ਉਸ ਵਕਤ ਨੂੰ ਯਾਦ ਕਰੀਏ ਜਦੋਂ ਉਹ ਫੋਟੋ ਖਿੱਚੀ ਸੀ। ਉਸ ਫੋਟੋ ਵਿਚਲੇ ਵਿਅਕਤੀ ਦੀਆਂ ਉਨ੍ਹਾਂ ਗੱਲਾਂ ਨੂੰ ਯਾਦ ਕਰੀਏ ਜਿਨ੍ਹਾਂ ਨੇ ਸਾਡੀ ਜ਼ਿੰਦਗੀ 'ਤੇ ਬਹੁਤ ਅਸਰ ਕੀਤਾ ਸੀ ਤੇ ਉਸ ਦੇ ਆਭਾਰੀ ਹੁੰਦੇ ਹੋਏ ਮਨ ਹੀ ਮਨ ਉਸ ਦਾ ਸ਼ੁਕਰੀਆ ਅਦਾ ਕਰੀਏ। ਇੰਜ਼ ਕਰਨ ਨਾਲ ਸਾਡਾ ਮਨ ਸਵਸਥ ਰਹਿੰਦਾ ਹੈ ਤੇ ਦਿਲ ਦੇ ਰੋਗ ਨਾਂਹ ਦੇ ਬਰਾਬਰ ਹੁੰਦੇ ਹਨ। ਕਈ ਲੋਕਾਂ ਦੀ ਆਦਤ ਹੁੰਦੀ ਹੈ ਹਰ ਵਕਤ ਕਰਿਝਦੇ ਰਹਿੰਦੇ ਹਨ। ਸਭ ਕੁਝ ਕੋਲ ਹੁੰਦਿਆਂ ਵੀ ਰੋਂਦੇ ਰਹਿਣ ਦੀ ਆਦਤ ਹੁੰਦੀ ਹੈ। ਕਿਸੇ ਇਕ ਪਲ ਜਾਂ ਘੜੀ ਨੂੰ ਬੁਰਾ, ਖਰਾਬ, ਚੁਭਣ ਵਾਲਾ ਜਾਂ ਉਬਾਊ ਠਹਿਰਾਉਣ ਤੋਂ ਪਹਿਲਾਂ ਪੂਰੀ ਸਥਿਤੀ 'ਤੇ ਨਜ਼ਰ ਮਾਰਨੀ ਚਾਹੀਦੀ ਹੈ। ਸਾਨੂੰ ਆਪਣੇ ਮਾਤਾ-ਪਿਤਾ ਦਾ ਆਭਾਰੀ ਹੋਣਾ ਚਾਹੀਦਾ ਹੈ ਜਿਨ੍ਹਾਂ ਕਰ ਕੇ ਅਸੀਂ ਇਸ ਖੂਬਸੂਰਤ ਦੁਨੀਆ ਵਿਚ ਆਏ, ਆਪਣੇ ਅਧਿਆਪਕਾਂ ਦਾ ਜਿਨ੍ਹਾਂ ਸਦਕਾ ਅਸੀਂ ਪੜ੍ਹੇ ਲਿਖੇ, ਇਸ ਕੁਦਰਤ ਦਾ ਤੇ ਇਸ ਧਰਤੀ ਦਾ ਜਿਸ 'ਤੇ ਸਾਡੇ ਵਾਸਤੇ ਮਨਮੋਹਕ ਦ੍ਰਿਸ਼, ਪਸ਼ੂ-ਪੰਛੀ ਤੇ ਖਾਣ-ਪੀਣ ਵਾਸਤੇ ਕਈ ਨੇਮਤਾਂ ਬਖਸ਼ੀਆਂ ਹਨ।

**1. ਆਭਾਰ ਮੰਨਣ ਦਾ ਅਹਿਸਾਸ ਦੂਸਰਿਆਂ ਨੂੰ ਕੀ ਦੱਸ ਦਿੰਦਾ ਹੈ?**

(ੳ) ਉਹ ਕਿੰਨੇ ਹੰਕਾਰੀ ਹਨ (ਅ) ਉਹ ਕਿੰਨੇ ਅਹਿਮ ਹਨ

(ੲ) ਉਨ੍ਹਾਂ ਦੀ ਕੀ ਔਕਾਤ ਹੈ (ਸ) ਉਨ੍ਹਾਂ ਦਾ ਆਚਰਨ ਕੀ ਹੈ

**2. ਜਿਨ੍ਹਾਂ ਮਨੁੱਖਾਂ ਨੇ ਸਾਡੀ ਜਿੰਦਗੀ ਨੂੰ ਚੰਗਾ ਬਣਾਉਣ ਵਿਚ ਬਹੁਤ ਪ੍ਰਭਾਵ ਪਾਇਆ ਸੀ, ਸਾਨੂੰ ਉਨ੍ਹਾਂ ਲਈ ਕੀ ਕਰਨਾ ਚਾਹੀਦਾ ਹੈ?**

(ੳ) ਉਨ੍ਹਾਂ ਅੱਗੇ ਝੁਕਣਾ ਚਾਹੀਦਾ ਹੈ ਤੇ ਮਾਫ਼ੀ ਮੰਗਣੀ ਚਾਹੀਦੀ ਹੈ

(ਅ) ਉਨ੍ਹਾਂ ਦੇ ਪੈਰਾਂ ਨੂੰ ਹੱਥ ਲਗਾ ਕੇ ਗਲੇ ਲਗਾਉਣਾ ਚਾਹੀਦਾ ਹੈ

(ੲ) ਉਨ੍ਹਾਂ ਨੂੰ ਮਨ ਵਿਚ ਯਾਦ ਕਰ ਕੇ ਸ਼ੁਕਰੀਆ ਅਦਾ ਕਰਨਾ ਚਾਹੀਦਾ ਹੈ

(ਸ) ਉਨ੍ਹਾਂ ਨੂੰ ਹਮੇਸ਼ਾ ਕੋਸਦੇ ਰਹਿਣਾ ਚਾਹੀਦਾ ਹੈ

**3. ਲੋਕਾਂ ਦਾ ਆਭਾਰ ਪ੍ਰਗਟ ਕਰਨ ਨਾਲ ਕੀ ਹੁੰਦਾ ਹੈ?**

(ੳ) ਸਾਡਾ ਮਨ ਸਵਸਥ ਤੇ ਦਿਲ ਦੇ ਰੋਗ ਨਹੀਂ ਦੇ ਬਰਾਬਰ ਹੁੰਦੇ ਹਨ

(ਅ) ਅਸੀਂ ਹਮੇਸ਼ਾ ਦੁੱਖੀ ਰਹਿੰਦੇ ਹਾਂ ਤੇ ਆਪਣੇ-ਆਪ ਨੂੰ ਕੋਸਦੇ ਹਾਂ

(ਹ) ਸਮੇਂ ਨੂੰ ਬੁਰਾ ਕਹਿ ਕੇ ਆਭਾਰ ਕਰਨ ਵਾਲੇ ਨਹੀਂ ਬੋਲਦੇ

(ਸ) ਮਨ ਵਿਚ ਕੁੜੱਤਣ ਪੈਦਾ ਹੁੰਦੀ ਹੈ ਅਤੇ ਕਰਿਝਦੇ ਹਾਂ

**4. ਸਾਨੂੰ ਆਪਣੇ ਅਧਿਆਪਕਾਂ ਦਾ ਆਭਾਰੀ ਕਿਉਂ ਹੋਣਾ ਚਾਹੀਦਾ ਹੈ?**

(ੳ) ਕਿਉਂਕਿ ਉਨ੍ਹਾਂ ਨੇ ਸਾਨੂੰ ਦਾਖ਼ਲਾ ਦਿਵਾਇਆ (ਅ) ਕਿਉਂਕਿ ਉਨ੍ਹਾਂ ਨੇ ਸਾਨੂੰ ਪ੍ਰਿੰਸੀਪਲ ਨਾਲ ਮਿਲਾਇਆ

(ੲ) ਕਿਉਂਕਿ ਉਹ ਸਾਡੇ ਮਾਤਾ-ਪਿਤਾ ਵਾਂਗ ਹਨ (ਸ) ਕਿਉਂਕਿ ਉਨ੍ਹਾਂ ਨੇ ਸਾਨੂੰ ਪੜ੍ਹਾਇਆ ਲਿਖਾਇਆ

**5. ਸਾਨੂੰ ਕੁਦਰਤ ਤੇ ਧਰਤੀ ਦਾ ਆਭਾਰੀ ਕਿਉਂ ਹੋਣਾ ਚਾਹੀਦਾ ਹੈ?**

(ੳ) ਮਨਮੋਹਕ ਦ੍ਰਿਸ਼, ਪਸ਼ੂ-ਪੰਛੀ ਤੇ ਖਾਣ-ਪੀਣ ਦੀਆਂ ਨੇਮਤਾਂ ਦਿੱਤੀਆਂ

(ਅ) ਹਵਾਈ ਜ਼ਹਾਜ, ਰੇਲ ਗੱਡੀਆਂ ਤੇਂ ਸੜਕਾਂ ਦਿੱਤੀਆਂ

(ੲ) ਬੋਲਣਾ, ਸੁਣਨਾ, ਪੜ੍ਹਨਾ ਤੇ ਲਿਖਣਾ ਸਿਖਾਇਆ

(ਸ) ਉੱਡਣਾ, ਚਲਨਾ, ਨਚਣਾ ਤੇ ਸੋਚਣਾ ਸਿਖਾਇਆ

**16** ਮਨੁੱਖ ਦਾ ਉਦੇਸ਼ ਖੁਸ਼ੀਆਂ ਭਰੀ ਸਫਲ ਤੇ ਸੁਚੱਜੀ ਜ਼ਿੰਦਗੀ ਜਿਉਂਣਾ ਹੈ। ਇਹ ਉਦੇਸ਼ ਮਨੁੱਖ ਵਲੋਂ ਆਪਣੇ ਮਾਨਸਿਕ ਵਿਕਾਸ ਲਈ ਸਵੈ-ਯਤਨਸ਼ੀਲ ਹੋਣ 'ਤੇ ਨਿਰੰਤਰ ਗਿਆਨ ਪ੍ਰਾਪਤ ਕਰਦੇ ਰਹਿਣ ਨਾਲ ਹਾਸਲ ਕੀਤਾ ਜਾ ਸਕਦਾ ਹੈ। ਗਿਆਨ ਜੀਵਨ ਦਾ ਚਾਲਕ ਹੈ, ਜੋ ਸਾਡੇ ਮਨ ਅੰਦਰ ਚਾਨਣ ਪੈਦਾ ਕਰਦਾ ਹੈ। ਗਿਆਨ ਦਾ ਚਾਨਣ ਸਾਨੂੰ ਜ਼ਿੰਦਗੀ ਦੇ ਰਾਹ-ਰਸਤਿਆਂ, ਡੰਡੀਆਂ-ਪਗਡੰਡੀਆਂ 'ਤੇ ਤੁਰਨਯੋਗ ਬਣਾਉਂਦਾ ਹੈ। ਗਿਆਨ ਦੀ ਅਣਹੋਂਦ ਵਿਚ ਅਗਿਆਨ ਉਪਜਦਾ ਹੈ। ਅਗਿਆਨ ਹਨ੍ਹੇਰਾ ਹੈ। ਹਨੇਰੇ ਵਿਚ ਜ਼ਿੰਦਗੀ ਦੀ ਮੈਰਾਥਨ ਪੂਰੀ ਨਹੀਂ ਕੀਤੀ ਜਾ ਸਕਦੀ। ਮਨੁੱਖ ਕੋਲ ਵਿਕਸਤ ਦਿਮਾਗ, ਬੁੱਧੀ ਤੇ ਤੇਜ਼ੀ ਨਾਲ ਗਿਆਨ ਗ੍ਰਹਿਣ ਕਰਨ ਦੀ ਸ਼ਕਤੀ ਮੌਜੂਦ ਹੈ। ਇਨ੍ਹਾਂ ਦੀ ਸੁਯੋਗ ਵਰਤੋਂ ਕਰ ਕੇ ਉਹ ਆਪਣੀ ਸ਼ਖ਼ਸੀਅਤ ਨੂੰ ਗੁਣਾਂ ਨਾਲ ਭਰਪੂਰ ਤੇ ਪ੍ਰਭਾਵਸ਼ਾਲੀ ਬਣਾ ਸਕਦਾ ਹੈ। ਗੁਣ ਤੇ ਗਿਆਨ ਸ਼ਖ਼ਸੀਅਤ ਦੇ ਗਹਿਣੇ ਹਨ। ਗਿਆਨ ਜੀਵਨ ਲਈ ਵਰਦਾਨ ਹੈ। ਗਿਆਨ ਜ਼ਿੰਦਗੀ ਦਾ ਕੇਂਦਰੀ ਧੁਰਾ ਹੈ। ਗਿਆਨ ਮਨੁੱਖੀ ਰੂਹ ਦੀ ਖ਼ੁਰਾਕ ਹੈ। ਗਿਆਨ ਅਨੰਤ ਹੈ। ਇਹ ਜਾਣ ਲੈਣਾ ਵੀ ਗਿਆਨ ਹੈ। ਉਚੇਚੇ ਯਤਨਾਂ ਨਾਲ ਗਿਆਨ ਭੰਡਾਰ ਅਸੀਮਤ ਹੱਦ ਤਕ ਵਧਾਇਆ ਜਾ ਸਕਦਾ ਹੈ। ਮਨੁੱਖ ਨੂੰ ਬਿਨਾਂ ਸਮਾਂ ਗੁਆਏ ਗਿਆਨ ਪ੍ਰਾਪਤੀ ਦੇ ਰਾਹ ਤੁਰ ਪੈਣਾ ਚਾਹੀਦਾ ਹੈ। ਗਿਆਨ ਪ੍ਰਾਪਤੀ ਲਈ ਕੀਤੇ ਜਾਂਦੇ ਯਤਨਾਂ ਨੂੰ ਬੇਲੋੜੇ ਤੇ ਸਮੇਂ ਦੀ ਬਰਬਾਦੀ ਨਹੀਂ ਸਮਝਣਾ ਚਾਹੀਦਾ ।

[redacted]

**1. ਮਨੁੱਖ ਸਫ਼ਲ ਤੇ ਸੁਚੱਜੀ ਜਿੰਦਗੀ ਜਿਉਣ ਦਾ ਆਪਣਾ ਉਦੇਸ਼ ਕਿਵੇਂ ਹਾਸਲ ਕਰ ਸਕਦਾ ਹੈ?**

(ੳ) ਅਨਪੜ੍ਹ ਰਹਿ ਕੇ ਤੇ ਕੋਈ ਵਿਉਪਾਰ ਕਰ ਕੇ

(ੲ) ਦੂਰ-ਦੁਰਾਡੇ ਘਰੋਂ ਬਾਹਰ ਜਾ ਕੇ ਕਿਧਰੇ ਛੁਪ ਕੇ ਬੈਠਣ ਕਰਕੇ

(ਅ) ਮਾਨਸਿਕ ਵਿਕਾਸ ਲਈ ਸਵੈ-ਯਤਨਸ਼ੀਲ ਹੋ ਕੇ ਤੇ ਗਿਆਨ ਪ੍ਰਾਪਤ ਕਰ ਕੇ

(ਸ) ਆਪਣੇ ਰਿਸ਼ਤੇਦਾਰਾਂ ਵਿਚ ਵਿਚਰਦੇ ਹੋਏ ਜਸ ਖੱਟ ਕੇ

**2. ਗਿਆਨ ਜੀਵਨ ਦਾ ਕੀ ਹੈ ਅਤੇ ਇਹ ਸਾਡੇ ਅੰਦਰ ਕੀ ਪੈਦਾ ਕਰਦਾ ਹੈ?**

(ੳ) ਗਿਆਨ ਜੀਵਨ ਦਾ ਚਾਲਕ ਹੈ ਅਤੇ ਇਹ ਸਾਡੇ ਮਨਾਂ ਅੰਦਰ ਚਾਨਣ ਪੈਦਾ ਕਰਦਾ ਹੈ

(ਅ) ਗਿਆਨ ਜੀਵਨ ਨੂੰ ਦਿਸ਼ਾਹੀਣ ਬਣਾਉਂਦਾ ਹੈ ਅਤੇ ਸਾਡੇ ਅੰਦਰ ਹਨ੍ਹੇਰਾ ਪੈਦਾ ਕਰਦਾ ਹੈ

(ੲ) ਗਿਆਨ ਇਕ ਰਸਤਾ ਹੈ ਇਸ ਉਪਰ ਚਲ ਕੇ ਅਸੀਂ ਭਟਕ ਸਕਦੇ ਹਾਂ

(ਸ) ਗਿਆਨ ਇਕ ਸ਼ਕਤੀ ਹੈ ਜਿਸ ਨਾਲ ਅਸੀਂ ਕੁਝ ਵੀ ਪ੍ਰਾਪਤ ਕਰ ਸਕਦੇ ਹਾਂ

**3. ਮਨੁੱਖ ਆਪਣੀ ਸ਼ਖ਼ਸੀਅਤ ਨੂੰ ਗੁਣਾਂ ਨਾਲ ਭਰਪੂਰ ਤੇ ਪ੍ਰਭਾਵਸ਼ਾਲੀ ਕਿਵੇਂ ਬਣਾ ਸਕਦਾ ਹੈ?**

(ੳ) ਕਠਿਨ ਰਸਤਿਆਂ 'ਤੇ ਚਲ ਕੇ ਤੇ ਮਿਹਨਤ ਕਰ ਕੇ

(ਅ) ਅਗਿਆਨਤਾ ਤੋਂ ਗਿਆਨ ਵਲ ਦਾ ਸਫਰ ਤਹਿ ਕਰ ਕੇ

(ੲ) ਆਪਣੇ ਵਿਕਸਤ ਦਿਮਾਗ, ਬੁੱਧੀ ਤੇ ਗਿਆਨ ਦੀ ਸੁਯੋਗ ਵਰਤੋਂ ਕਰ ਕੇ

(ਸ) ਨਿਰੰਤਰ ਗਿਆਨ ਪ੍ਰਾਪਤ ਕਰਨ ਦੇ ਯਤਨਾਂ ਨਾਲ

**4. ਗਿਆਨ ਦੇ ਭੰਡਾਰ ਨੂੰ ਅਸੀਮਤ ਹੱਦ ਤਕ ਕਿਵੇਂ ਵਧਾਇਆ ਜਾ ਸਕਦਾ ਹੈ?**

(ੳ) ਹੱਥ ਉੱਪਰ ਹੱਥ ਧਰ ਕੇ ਬਿਨਾਂ ਸੋਚੇ

(ਅ) ਵਧੇਰੇ ਸੌਂ ਕੇ ਤੇ ਵਧੇਰੇ ਖਾ ਕੇ

(ੲ) ਮਿਹਨਤ ਕਰ ਕੇ ਤੇ ਇਮਾਨਦਾਰ ਹੋ ਕੇ

(ਸ) ਉਚੇਚੇ ਯਤਨਾਂ ਨਾਲ

**5. ਮਨੁੱਖ ਨੂੰ ਬਿਨਾਂ ਸਮਾਂ ਗੁਆਏ ਕੀ ਕਰਨਾ ਚਾਹੀਦਾ ਹੈ?**

(ੳ) ਗਿਆਨ ਪ੍ਰਾਪਤੀ ਦੇ ਰਾਹ ਤੁਰ ਪੈਣਾ ਚਾਹੀਦਾ ਹੈ

(ਅ) ਕ੍ਰੋਧ ਵਿਚ ਆ ਕੇ ਆਪਣੇ ਕਰਮਚਾਰੀਆਂ ਨੂੰ ਡਾਂਟਣਾ ਚਾਹੀਦਾ ਹੈ

(ੲ) ਆਪਣੇ ਵਿਚ ਹਉਮੈ ਪੈਦਾ ਕਰ ਕੇ ਸੁਆਰਥੀ ਬਣਨਾ ਚਾਹੀਦਾ ਹੈ

(ਸ) ਕਿਸੇ ਦੀ ਸੁਣੇ ਬਗੈਰ ਆਪਣੀ ਮਨਮਰਜ਼ੀ ਕਰਨੀ ਚਾਹੀਦੀ ਹੈ

**17** ਪਹੁ ਫੁਟਾਲੇ ਵੇਲੇ ਕੁਦਰਤ ਦਾ ਹੁਸਨ ਅੰਤਾਂ ਦਾ ਆਨੰਦ ਦਿੰਦਾ ਹੈ ਤੇ ਜਾਪਦਾ ਹੈ ਸਭ ਪਾਸੇ ਹੁਸਨ ਦੀ ਦੇਵੀ ਆਪਣਾ ਨੂਰ ਖਿਲਾਰ ਰਹੀ ਹੈ ਤੇ ਸਮਸਤ ਸ੍ਰਿਸ਼ਟੀ ਨੀਂਦ ਤੋਂ ਉਠ ਕੇ ਅੰਗੜਾਈ ਲੈ ਰਹੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਭਾਰਤ ਦੇ ਮਹਾਨ ਰਿਸ਼ੀਆਂ ਨੇ ਪਹੁ ਫੁਟਾਲੇ ਦੀ ਮਹਿਮਾ ਦਾ ਗਾਨ ਬੜੀ ਰੂਹ ਨਾਲ ਕੀਤਾ ਹੈ। ਉਹਨਾਂ ਨੇ ਪਹੁ ਫੁਟਾਲੇ ਨੂੰ ਊਸ਼ਾ ਦਾ ਨਾਂ ਦਿੱਤਾ ਹੈ ਅਤੇ ਇਸ ਨੂੰ ਇਕ ਦੇਵੀ ਦੇ ਰੂਪ ਵਿਚ ਸਵੀਕਾਰ ਕਰ ਕੇ ਇਸ ਦੀ ਮਹਿਮਾ ਆਖੀ ਹੈ। ਊਸ਼ਾ ਸਾਕਾਰ ਸੁੰਦਰਤਾ ਹੈ, ਸੁਹੱਪਣ ਹੈ। ਸੁਹੱਪਣ, ਜੋ ਆਪਣੇ-ਆਪ ਵਿਚ ਸੰਪੂਰਨ ਹੈ। ਇਸ ਵਿਚ ਕੋਈ ਕਮੀ ਨਜ਼ਰ ਨਹੀਂ ਆਉਂਦੀ। ਇਹੀ ਕਾਰਨ ਹੈ ਕਿ ਵੇਦਾਂ ਦੇ ਰਚਨਹਾਰੇ ਰਿਸ਼ੀ ਇਸ ਨੂੰ ਸਵਰਗ ਦੀ ਬੇਟੀ ਆਖ ਕੇ ਯਾਦ ਕਰਦੇ ਹਨ। ਕਹਿੰਦੇ ਨੇ ਇਸ ਦੀ ਸਿਰਜਣਾ ਦੇਵਤਿਆਂ ਦੇ ਸਵਾਮੀ ਇੰਦਰ ਨੇ ਕੀਤੀ। ਰਿਸ਼ੀਆਂ ਨੇ ਕਈ ਥਾਈਂ ਇਸ ਊਸ਼ਾ ਨੂੰ ਸੂਰਜ ਦੀ ਜਵਾਨੀ ਆਖਿਆ ਹੈ ਤੇ ਇਹ ਕਲਪਨਾ ਕੀਤੀ ਹੈ ਕਿ ਊਸ਼ਾ ਸੂਰਜ ਨੂੰ ਆਪਣੀ ਕੁੱਛੜ ਚੁੱਕ ਫਿਰਦੀ ਹੈ। ਰਿਸ਼ੀ ਕਹਿੰਦੇ ਨੇ ਜਦੋਂ ਊਸ਼ਾ ਜਾਗਦੀ ਹੈ ਤਾਂ ਦੁਮੇਲ ਚਾਨਣ ਹੋ ਜਾਂਦਾ ਹੈ। ਸਵਰਗਾਂ ਦੇ ਦਵਾਰ ਖੁੱਲ੍ਹ ਜਾਂਦੇ ਹਨ ਤੇ ਪੁੰਨ ਆਤਮਾਵਾਂ ਉਸ ਅੰਦਰ ਪ੍ਰਵੇਸ਼ ਕਰਨ ਲਗਦੀਆਂ ਹਨ। ਅੰਧਕਾਰ ਲੁਪਤ ਹੋ ਜਾਂਦਾ ਹੈ। ਧਨ, ਮਾਲ, ਦੌਲਤ, ਪ੍ਰਗਟ ਹੋ ਜਾਂਦੇ ਹਨ ਅਤੇ ਇਹ ਦੇਵੀ ਪੂਰੀ ਖੁੱਲ੍ਹ ਦਿਲੀ ਨਾਲ ਗਰੀਬਾਂ ਨੂੰ ਧਨ ਮਾਲ ਨਾਲ ਮਾਲੋ-ਮਾਲ ਕਰ ਦਿੰਦੀ ਹੈ। ਪਹੁ ਫੁਟਾਲੇ ਦੇ ਆਉਂਦਿਆਂ ਸਮਸਤ ਜੀਵ ਨੀਂਦ ਦਾ ਤਿਆਗ ਕਰ ਕੇ ਕਰਮਸ਼ੀਲ ਹੋ ਜਾਂਦੇ ਹਨ ਤੇ ਦੁਨੀਆਂ ਦਾ ਕਾਰ ਵਿਹਾਰ ਅਰੰਭ ਹੋ ਜਾਂਦਾ ਹੈ।

[redacted]

**1. ਪਹੁ ਫੁਟਾਲੇ ਵੇਲੇ ਕੁਦਰਤੀ ਨਜ਼ਾਰਾ ਕਿਹੋ ਜਿਹਾ ਹੁੰਦਾ ਹੈ?**

(ੳ) ਸੂਰਜ ਪੂਰੇ ਜੋਬਨ 'ਤੇ ਹੁੰਦਾ ਹੈ ਅਤੇ ਚਾਰੋ ਪਾਸੇ ਰੋਸ਼ਨੀ ਹੁੰਦੀ ਹੈ
(ਅ) ਸਾਰੀ ਸ੍ਰਿਸ਼ਟੀ ਨੀਂਦ ਤੋਂ ਉੱਠ ਕੇ ਅੰਗੜਾਈ ਲੈ ਰਹੀ ਹੁੰਦੀ ਹੈ
(ੲ) ਘਣਾ ਹਨ੍ਹੇਰਾ ਹੁੰਦਾ ਹੈ ਅਤੇ ਤਾਰੇ ਚਮਕ ਰਹੇ ਹੁੰਦੇ ਹਨ
(ਸ) ਮਨੁੱਖ ਉੱਠ ਕੇ ਸੈਰ ਕਰਨ ਜਾਂਦਾ ਹੈ

**2. ਮਹਾਨ ਰਿਸ਼ੀਆਂ ਨੇ ਪਹੁ ਫੁਟਾਲੇ ਨੂੰ ਕੀ ਨਾਂ ਦਿੱਤਾ ਹੈ?**

(ੳ) ਉਨ੍ਹਾਂ ਨੇ ਪਹੁ ਫੁਟਾਲੇ ਨੂੰ ਊਸ਼ਾ ਦਾ ਨਾਂ ਦਿੱਤਾ ਹੈ
(ਅ) ਘੁਸਮੁਸੇ ਦੇ ਸਮੇਂ ਦਾ ਨਾਂ ਦਿੱਤਾ ਹੈ
(ੲ) ਸਵੇਰ ਦਾ ਨਾਂ ਦਿੱਤਾ ਹੈ
(ਸ) ਸੂਰਜ ਡੁੱਬਣ ਦਾ ਵੇਲਾ ਕਿਹਾ ਹੈ

**3. ਵੇਦਾਂ ਦੇ ਰਚਨਹਾਰਿਆਂ ਅਨੁਸਾਰ ਸਵਰਗ ਦੀ ਬੇਟੀ ਦੀ ਸਿਰਜਣਾ ਕਿਸ ਨੇ ਕੀਤੀ ਹੈ?**

(ੳ) ਵੇਦ-ਵਿਆਸ ਨੇ ਕੀਤੀ ਹੈ
(ਅ) ਸਵਾਮੀ ਇੰਦਰ ਨੇ ਕੀਤੀ ਹੈ
(ੲ) ਬ੍ਰਹਮਾ ਦੇਵਤਾ ਨੇ ਕੀਤੀ ਹੈ
(ਸ) ਵਿਸ਼ਨੂੰ ਦੇਵਤਾ ਨੇ ਕੀਤੀ ਹੈ

**4. ਰਿਸ਼ੀਆਂ ਨੇ ਕਲਪਨਾ ਕਰਦਿਆਂ ਕੀ ਕਿਹਾ ਹੈ ਕਿ ਊਸ਼ਾ ਕੀ ਕਰਦੀ ਹੈ?**

(ੳ) ਆਪਣੇ ਕੋਮਲ ਪੈਰ ਧਰਦੀ ਮਲਕੜੇ-ਮਲਕੜੇ ਅੱਗੇ ਵੱਧਦੀ ਹੈ
(ਅ) ਆਪਣੇ ਦੁਪੱਟੇ ਹੇਠਾਂ ਸੂਰਜ ਨੂੰ ਛੁਪਾ ਕੇ ਲਿਆਉਂਦੀ ਹੈ
(ੲ) ਊਸ਼ਾ ਸੂਰਜ ਨੂੰ ਆਪਣੀ ਕੁੱਛੜ ਚੁੱਕੀ ਫਿਰਦੀ ਹੈ
(ਸ) ਸ਼ਾਮ ਨੂੰ ਇਹ ਆਸਤਾ-ਆਸਤਾ ਹੇਠਾਂ ਉਤਰਦੀ ਹੈ

**5. ਪਹੁ ਫੁਟਾਲੇ ਦੇ ਆਉਂਦੇ ਹੀ ਸਮਸਤ ਜੀਵ ਕੀ ਕਰਦੇ ਹਨ?**

(ੳ) ਸਾਰੇ ਜੀਵ ਘੂਕ ਸੁੱਤੇ ਰਹਿੰਦੇ ਹਨ
(ਅ) ਸਾਰੇ ਜੀਵ ਸਵੇਰ ਦੀ ਸੈਰ ਕਰਨ ਲਈ ਨਿਕਲ ਜਾਂਦੇ ਹਨ
(ੲ) ਸਾਰੇ ਜੀਵ ਰੱਬ ਦਾ ਨਾਂ ਲੈਣ ਦਾ ਯਤਨ ਕਰਦੇ ਹਨ
(ਸ) ਸਮਸਤ ਜੀਵ ਨੀਂਦ ਦਾ ਤਿਆਗ ਕਰ ਕੇ ਕਰਮਸ਼ੀਲ ਹੋ ਜਾਂਦੇ ਹਨ

**18** ਸਮੇਂ ਦੇ ਗੇੜ ਨੇ ਪ੍ਰਹੁਣਾਚਾਰੀ ਦੀ ਰੀਤ ਨੂੰ ਬੜਾ ਹੀ ਗੰਭੀਰ ਨੁਕਸਾਨ ਪਹੁੰਚਾਇਆ ਹੈ। ਪਹਿਲੇ ਸਮਿਆਂ ਵਿਚ ਵਿਹਲ ਹੁੰਦੀ ਸੀ। ਮਿਲਣ ਦੀ ਤਾਂਘ ਹੁੰਦੀ ਸੀ। ਜਾਣ ਲਈ ਉਤਸ਼ਾਹ ਹੁੰਦਾ ਸੀ।ਆਪਸੀ ਪ੍ਰੇਮ ਪਿਆਰ ਹੁੰਦਾ ਸੀ। ਪ੍ਰਹੁਣਿਆਂ ਲਈ ਦਿਲੀ ਸਤਿਕਾਰ ਹੁੰਦਾ ਸੀ।ਦੋਨਾਂ ਧਿਰਾਂ ਲਈ ਮੇਲ-ਮਿਲਾਪ ਖੁਸ਼ੀ ਦਾ ਕਾਰਨ ਹੁੰਦਾ ਸੀ ਪਰ ਹਾਲਾਤ ਅਜਿਹੇ ਬਣ ਗਏ ਹਨ ਕਿ ਕਿਸੇ ਪਾਸ ਵਿਹਲ ਨਹੀਂ। ਕਿਸੇ ਪਾਸ ਜਾਣ ਦੀ ਚਾਅ ਨਹੀਂ। ਨਾ ਰੱਜ ਕੇ ਖਾਣ ਦੀ ਹਿੰਮਤ ਹੈ ਨਾ ਖਵਾਉਣ ਦੀ। ਸਮੇਂ ਦੇ ਗੇੜ ਨਾਲ ਕੰਮਕਾਰ ਦੀ ਵਿਧੀ ਹੀ ਬਦਲ ਗਈ ਹੈ। ਬਹੁਤੇ ਕੰਮ ਘਰ ਬੈਠੇ ਬੈਠਾਇਆਂ ਹੋ ਜਾਂਦੇ ਹਨ। ਟੈਲੀਫੋਨ ਨੇ ਪ੍ਰਹੁਣਾਚਾਰੀ ਦਾ ਬੜਾ ਨੁਕਸਾਨ ਕੀਤਾ ਹੈ। ਪਹਿਲੇ ਸਮਿਆਂ ਵਿਚ ਰਿਸ਼ਤਿਆਂ ਦੀ ਦੱਸ ਪੈਂਦੀ ਤਾਂ ਬਜ਼ੁਰਗ ਦੂਰ ਦੁਰਾਡੇ ਨਗਰਾਂ ਵਿਚ ਜਾ ਕੇ ਮੁੰਡੇ ਦੇਖਦੇ। ਰਿਸ਼ਤੇ ਕਰਦੇ। ਹੁਣ ਤਾਂ ਅਖ਼ਬਾਰਾਂ, ਫੈਲੀਫੋਨ, ਮੁਬਾਇਲ ਆਦਿ ਸਾਧਨ ਬਣ ਗਏ ਹਨ।ਘਰੇ ਬੈਠਿਆਂ ਹੀ ਬਹੁਤ ਸਾਰੀਆਂ ਗੱਲਾਂ ਦਾ ਪਤਾ ਲਗਾ ਲਿਆ ਜਾਂਦਾ ਹੈ ਜਾ ਈਮੇਲ 'ਤੇ ਸਾਰੀ ਜਾਣਕਾਰੀ ਪ੍ਰਾਪਤ ਕਰ ਲਈ ਜਾਂਦੀ ਹੈ। ਇਉਂ ਨਵੇਂ ਸੰਚਾਰ ਸਾਧਨ, ਸਮੇਂ ਦੀ ਘਾਟ, ਨਾ ਮਿਲਣ ਦੀ ਆਦਤ ਨੇ ਆਉਣ ਜਾਣ ਦੀ ਰੀਤ ਨੂੰ ਬਹੁਤ ਹੀ ਨੁਕਸਾਨ ਪਹੁੰਚਾਇਆ ਹੈ।

[redacted]

**1. ਪਹਿਲੇ ਸਮਿਆਂ ਵਿਚ ਇਕ-ਦੂਜੇ ਲਈ ਦਿਲਾਂ ਵਿਚ ਕਿਹੋ ਜਿਹੀ ਭਾਵਨਾ ਹੁੰਦੀ ਸੀ?**

(ੳ) ਇਕ-ਦੂਜੇ ਨੂੰ ਮਿਲਣ ਦੀ ਤਾਂਘ ਹੁੰਦੀ ਸੀ
(ਅ) ਇਕ-ਦੂਜੇ ਨੂੰ ਦੂਰੋਂ ਹੀ ਵੇਖਣ ਦੀ ਇੱਛਾ ਹੁੰਦੀ ਸੀ
(ੲ) ਇਕ-ਦੂਜੇ ਦੇ ਘਰ ਜਾਣ ਦਾ ਦਿਲ ਨਹੀਂ ਕਰਦਾ ਸੀ
(ਸ) ਇਕ-ਦੂਜੇ ਦੇ ਘਰ ਜਾਣ ਦਾ ਕੋਈ ਚਾਅ ਨਹੀਂ ਹੁੰਦਾ ਸੀ

**2. ਸਮੇਂ ਦੇ ਗੇੜ ਨਾਲ ਕਿਹੜੀ ਵਿਧੀ ਬਦਲ ਗਈ ਹੈ?**

(ੳ) ਉਠਣ-ਬੈਠਣ ਦੀ ਵਿਧੀ
(ਅ) ਕੰਮਕਾਰ ਦੀ ਵਿਧੀ
(ੲ) ਵਿਹਲੇ ਸਮੇਂ ਦੇ ਉਪਯੋਗ ਦੀ ਵਿਧੀ
(ਸ) ਕਿਸੇ ਦੇ ਘਰ ਜਾਣ ਦੀ ਵਿਧੀ

**3. ਟੈਲੀਫੋਨ ਨੇ ਸਭ ਤੋਂ ਵੱਧ ਕਿਸ ਨੂੰ ਨੁਕਸਾਨ ਪੁਹੰਚਾਇਆ ਹੈ?**

(ੳ) ਚਿੱਠੀ ਲਿਖਣ ਨੂੰ
(ਅ) ਕਿਸੇ ਦੇ ਘਰ ਜਾਣ ਨੂੰ
(ੲ) ਪ੍ਰਹੁਣਾਚਾਰੀ ਨੂੰ
(ਸ) ਸਮੇਂ ਦੇ ਦੁਰਉਪਯੋਗ ਨੂੰ

**4. ਹੁਣ ਰਿਸ਼ਤੇ ਕਰਨ ਲਈ ਹੇਠਾਂ ਲਿਖੇ ਸਾਧਨਾਂ ਵਿਚੋਂ ਸਭ ਤੋਂ ਵੱਧ ਕਿਸ ਸਾਧਨ ਦਾ ਪ੍ਰਯੋਗ ਕੀਤਾ ਜਾਂਦਾ ਹੈ?**

(ੳ) ਫੈਲੀਫੋਨ
(ਅ) ਮੋਬਾਇਲ
(ੲ) ਦੂਰਦਰਸ਼ਨ
(ਸ) ਅਖ਼ਬਾਰ ਜਾਂ ਈਮੇਲ

**5. ਕਿਨ੍ਹਾਂ ਨੇ ਆਉਣ ਜਾਣ ਦੀ ਰੀਤ ਨੂੰ ਬਹੁਤ ਹੀ ਨੁਕਸਾਨ ਪੁੰਹਚਾਇਆ ਹੈ?**

(ੳ) ਚਿੱਠੀ-ਪੱਤਰ ਲਿਖਣ ਨੇ
(ਅ) ਨਵੇਂ ਸੰਚਾਰ ਸਾਧਨ, ਸਮੇਂ ਦੀ ਘਾਟ ਤੇ ਨਾ ਮਿਲਣ ਦੀ ਆਦਤ ਨੇ
(ੲ) ਅਖ਼ਬਾਰਾਂ ਨੇ
(ਸ) ਟੀ. ਵੀ. ਵੇਖਣ ਨੇ

**19** ਇਕ ਲੇਖਕ ਲਿਖਦਾ ਹੈ ਕਿ ਮਨੁੱਖ ਦੀ ਸਿਖਿਆ ਵਿਚ ਵਾਧਾ ਹੋਇਆ ਹੈ, ਉਹ ਕੁਦਰਤ ਦੇ ਭੇਤਾਂ ਤੋਂ ਬਹੁਤ ਹੱਦ ਤੱਕ ਜਾਣੂੰ ਹੋ ਗਿਆ ਹੈ, ਉਸ ਦੀਆਂ ਗਿਆਨ ਇੰਦ੍ਰੀਆਂ ਦੀ ਸਮਰੱਥਾ ਹਜ਼ਾਰਾਂ ਗੁਣਾ ਵਧ ਗਈ ਹੈ, ਉਹ ਚੰਦਰਮੇ 'ਤੇ ਝੰਡੇ ਗੱਡ ਆਇਆ ਹੈ ਆਦਿ। ਪਰ ਉਸ ਵਿਚੋਂ ਹਲੀਮੀ, ਸ਼ਿਸ਼ਟਤਾ, ਉਦਾਰਤਾ, ਦਇਆ, ਤਰਸ, ਹਮਦਰਦੀ ਆਦਿ ਖ਼ੂਬੀਆਂ ਜੋ ਉਸ ਦੀ ਪਛਾਣ ਹੁੰਦੀਆਂ ਸਨ ਨੌਂ ਦੋ ਗਿਆਰਾਂ ਹੋ ਗਈਆਂ ਹਨ। ਬ੍ਰਿਟੈਨਿਕਾ ਮਹਾਂਕੋਸ਼ ਲਿਖਦਾ ਹੈ ਕਿ ਤਹਿਜ਼ੀਬ ਅਤੇ ਸਲੀਕਾ ਭਾਫ਼ ਬਣ ਕੇ ਧਰਤੀ 'ਤੋਂ ਉੱਡ ਗਏ ਹਨ। ਧੰਨਵਾਦ ਜਾਂ ਖਿਮਾ ਕਰਨਾ, ਗੁਸਤਾਖੀ ਮੁਆਫ਼, ਮੈਂ ਆਪਣੀ ਗ਼ਲਤੀ 'ਤੇ ਸ਼ਰਮਿੰਦਾ ਹਾਂ ਆਦਿ ਫ਼ਿਕਰੇ ਜੋ ਆਮ ਆਦਮੀ ਦੇ ਵਿਵਹਾਰ ਦਾ ਅਟੁੱਟ ਅੰਗ ਹੁੰਦੇ ਸਨ, ਹੁਣ ਕਦੇ-ਕਦੇ ਹੀ ਸੁਣਨ ਨੂੰ ਮਿਲਦੇ ਹਨ। ਚੰਗੇ ਵਿਵਹਾਰ ਜਾਂ ਵਰਤਾਉ ਦੇ ਅਰਥ ਹੁੰਦੇ ਹਨ ਹੋਰਨਾਂ ਦੀਆਂ ਭਾਵਨਾਵਾਂ ਦੀ ਕਦਰ ਕਰਨਾ, ਉਨ੍ਹਾਂ ਨੂੰ ਸਤਿਕਾਰ ਦੇਣਾ ਅਤੇ ਉਨ੍ਹਾਂ ਨਾਲ ਸਹਾਨਭੂਤੀ

ਭਰਿਆ ਵਰਤਾਉ ਕਰਨਾ। ਮਨੁੱਖ ਤਮੀਜ਼ ਕਿਉਂ ਭੁਲਦਾ ਜਾ ਰਿਹਾ ਹੈ, ਉਸ ਦੇ ਆਚਰਣ ਵਿਚੋਂ ਸ਼ਿਸ਼ਟਤਾ ਕਿਉਂ ਘਟਦੀ ਜਾ ਰਹੀ ਹੈ, ਉਹ ਕਿਉਂ ਸਵੈ-ਵਾਦੀ ਹੋ ਰਿਹਾ ਹੈ। ਦਾਰਸ਼ਨਿਕ ਸ਼ੋਪਨਹਾਵਰ ਲਿਖਦਾ ਹੈ: "ਸਵੈ-ਵਾਦ ਅਜਿਹੀ ਭਿਆਨਕ ਚੀਜ਼ ਹੈ ਕਿ ਇਸ ਨਾਲ ਟੱਕਰ ਲੈਣ ਲਈ ਅਸੀਂ ਅਧੀਨਗੀ ਦਾ ਆਵਿਸ਼ਕਾਰ ਕੀਤਾ।" ਪਰੰਤੂ ਹੁਣ ਬਹੁਤੇ ਬੰਦੇ ਅਧੀਨਗੀ ਜਾਂ ਹਲੀਮੀ ਨੂੰ ਨਿਰਬਲਤਾ ਦੀ ਸੰਗਿਆ ਦੇਣ ਲੱਗ ਪਏ ਹਨ। "ਸੇਵਾ ਨੂੰ ਸਵਾਰਥ ਤੋਂ ਪਹਿਲ ਦੇਣਾ", ਬਹੁਤੇ ਲੋਕਾਂ ਨੂੰ ਮੂਰਖਤਾ ਨਜ਼ਰ ਆਉਣ ਲੱਗ ਪਈ ਹੈ। ਸਾਡੇ ਜੀਵਨ ਦਾ ਮੁੱਖ ਵਾਕ "ਮੈਂ ਪਹਿਲੋਂ" ਬਣ ਗਿਆ ਹੈ। ਜਿਸ ਨੂੰ ਬੰਦੇ ਦੀ ਆਮ ਚੰਗਿਆਈ ਜਾਂ ਨੈਤਿਕਤਾ ਕਿਹਾ ਜਾਂਦਾ ਸੀ, ਹੁਣ ਆਮ ਨਹੀਂ ਹੈ, ਕਿਤੇ-ਕਿਤੇ ਹੈ, ਤੇ ਹੈ ਵੀ ਬਹੁਤ ਘੱਟ।

[redacted]

**1. ਸਿਖਿਆ ਪ੍ਰਾਪਤੀ ਨਾਲ ਮਨੁੱਖ ਨੇ ਕੀ ਜਾਣ ਲਿਆ ਹੈ?**

(ੳ) ਸਿਖਿਆ ਨੇ ਮਨੁੱਖ ਨੂੰ ਚਾਲਾਕ ਬਣਾ ਦਿੱਤਾ ਹੈ

(ਅ) ਬਹੁਤ ਹੱਦ ਤੱਕ ਕੁਦਰਤ ਦੇ ਭੇਤਾਂ ਨੂੰ ਜਾਣ ਲਿਆ ਹੈ

(ੲ) ਸਿਖਿਆ ਨੇ ਮਨੁੱਖ ਨੂੰ ਭ੍ਰਿਸ਼ਟਾਚਾਰ ਫੈਲਾਉਣ ਵਲ ਧਕੇਲ ਦਿੱਤਾ ਹੈ

(ਸ) ਸਿਖਿਆ ਪ੍ਰਾਪਤੀ ਨਾਲ ਮਨੁੱਖ ਅਮੀਰ ਹੋ ਗਿਆ ਹੈ

**2. ਸਿਖਿਆ ਪ੍ਰਾਪਤੀ ਤੇ ਗਿਆਨ ਦੇ ਵੱਧਣ ਨਾਲ ਮਨੁੱਖ ਵਿਚੋਂ ਕਿਹੜੇ ਗੁਣ ਘੱਟ ਹੋ ਗਏ ਹਨ?**

(ੳ) ਹਲੀਮੀ, ਉਦਾਰਤਾ, ਦਇਆ ਤੇ ਹਮਦਰਦੀ ਘੱਟ ਗਈ ਹੈ

(ਅ) ਸੱਚ ਬੋਲਣਾ, ਮਾਫ਼ੀ ਮੰਗਣੀ ਤੇ ਤਮੀਜ਼ ਨੂੰ ਭੁੱਲ ਗਿਆ ਹੈ

(ੲ) ਆਪਣੀ ਗਲਤੀ 'ਤੇ ਸ਼ਰਮਿੰਦਾ ਹੋਣਾ ਤੇ ਖਿਮਾ ਕਰਨਾ ਭੁੱਲ ਗਿਆ ਹੈ

(ਸ) ਚੰਗਾ ਵਰਤਾਓ ਕਰਨਾ ਭੁੱਲ ਗਿਆ ਹੈ

**3. ਬਹੁਤੇ ਲੋਕ 'ਹਲੀਮੀ' ਨੂੰ ਕਿਸ ਦੀ ਸੰਗਿਆ ਦੇਣ ਲਗ ਪਏ ਹਨ?**

(ੳ) ਦੂਰਅੰਦੇਸ਼ੀ ਦੀ     (ਅ) ਆਪਣੇਪਨ ਦੀ

(ੲ) ਨਿਰਬਲਤਾ ਦੀ     (ਸ) ਹੁਸ਼ਿਆਰੀ ਦੀ

**4. ਇਸ ਪੈਰੇ ਵਿਚ ਬਹੁਤੇ ਲੋਕਾਂ ਨੂੰ ਕਿਹੜਾ ਗੁਣ ਮੂਰਖਤਾ ਨਜ਼ਰ ਆਉਂਦਾ ਹੈ?**

(ੳ) ਇਮਾਨਦਾਰੀ ਨਾਲ ਕੰਮ ਕਰਨਾ     (ਅ) ਮਿਹਨਤ ਨਾਲ ਕੰਮ ਕਰਨਾ

(ੲ) ਆਈ ਚਲਾਈ ਕਰਨੀ     (ਸ) ਸੇਵਾ ਨੂੰ ਸਵਾਰਥ ਤੋਂ ਪਹਿਲ ਦੇਣਾ

**5. 'ਨੌਂ ਦੋ ਗਿਆਰਾਂ ਹੋਣਾ' ਮੁਹਾਵਰਾ ਕਿਨ੍ਹਾਂ ਅਰਥਾਂ ਵਿਚ ਲਿਆ ਜਾਂਦਾ ਹੈ?**

(ੳ) ਨੌਂ ਜਮ੍ਹਾ ਦੋ ਗਿਆਰਾਂ ਹੋਣਾ     (ਅ) ਲੋਪ ਹੋ ਜਾਣਾ ਜਾਂ ਨਸ ਜਾਣਾ

(ੲ) ਅੱਖਾਂ ਵਿਚ ਮਿੱਟੀ ਪਾਉਣੀ     (ਸ) ਦੌੜਦੇ ਜਾਣਾ

**20** ਕਈ ਵਾਰ ਸੁਪਨਾ ਮਨ ਵਿਚ ਪੈਦਾ ਹੁੰਦਾ ਹੈ ਤੇ ਮਿਟ ਜਾਂਦਾ ਹੈ। ਪਰ ਜਦੋਂ ਸੁਪਨਾ ਮਨ ਵਿਚ ਸਥਿਰ ਹੋ ਜਾਵੇ, ਜਾਵੇ ਹੀ ਨਾ, ਤਾਂ ਸੁਪਨੇ ਨੂੰ ਗੰਭੀਰਤਾ ਨਾਲ ਸੋਚਣ ਅਤੇ ਪਾਲਣ ਦੀ ਲੋੜ ਹੁੰਦੀ ਹੈ। ਜਿਸ ਕਿੱਤੇ ਜਾਂ ਕਲਾ ਨਾਲ ਸੁਪਨੇ ਦਾ ਸੰਬੰਧ ਹੋਵੇ ਉਸ ਦੇ ਮਾਹਰਾਂ ਨਾਲ ਗੱਲ ਕਰੋ, ਉਸ ਨਾਲ ਸੰਬੰਧਿਤ ਸਾਹਿਤ ਪੜ੍ਹੋ, ਉਸ ਨਾਲ ਸੰਬੰਧਿਤ ਥਾਂਵਾਂ ਦੀ ਸੈਰ ਕਰੋ, ਸੁਪਨਾ ਆਪ ਹੀ ਤੁਹਾਡੀ ਅਗਵਾਈ ਕਰੇਗਾ। ਨੁਕਤਾਚੀਨੀ ਜਾਂ ਵਿਰੋਧ ਤੋਂ ਨਾ ਡਰੋ, ਸੰਸਾਰ ਦੀ ਹਰ ਵੱਡੀ ਖੋਜ, ਹਰ ਵੱਡਾ ਆਵਿਸ਼ਕਾਰ ਇਕ ਸੁਪਨਾ ਹੀ ਸੀ। ਪੰਛੀਆਂ ਵਾਂਗ ਉਡ ਸਕਣਾ ਰਾਈਟ ਭਰਾਵਾਂ ਦਾ ਇਕ ਸੁਪਨਾ ਸੀ, ਅਮਰੀਕਾ ਦੀ ਭਾਲ ਕਰਨਾ ਵੀ ਕੋਲੰਬਸ ਦਾ ਸੁਪਨਾ ਸੀ, ਹਿਮਾਲੀਆ ਦੀ ਚੋਟੀ ਨੂੰ ਸਰ ਕਰਨਾ ਵੀ ਸੁਪਨਾ ਹੀ ਸੀ । ਜਦੋਂ ਐਡੀਸਨ ਨੇ ਗਾਉਣ ਵਾਲੀ ਮਸ਼ੀਨ ਬਣਾਉਣ ਦਾ ਜਾਂ ਬਿਜਲੀ ਦਾ ਬਲਬ ਬਣਾਉਣ ਦਾ ਸੁਪਨਾ ਲਿਆ ਸੀ ਤਾਂ ਲੋਕਾਂ ਨੇ ਉਸ ਨੂੰ ਪਾਗਲ ਕਹਿ ਕੇ ਉਸ ਦਾ ਮਖੌਲ ਉਡਾਇਆ ਸੀ। ਇਸ ਲਈ ਲੋਕਾਂ ਦੇ ਵਿਰੋਧ ਤੋਂ ਡਰਨਾ ਨਹੀਂ ਚਾਹੀਦਾ। ਸੁਪਨੇ ਲੈਣ ਵਾਲੇ ਹਮੇਸ਼ਾ ਅਡਰੇ ਰਸਤਿਆਂ ਦੇ ਰਾਹੀਂ ਹੁੰਦੇ ਹਨ। ਹਾਂ, ਚੇਤੇ ਰਖਣ ਵਾਲੀ ਗੱਲ ਇਹ ਵੀ ਹੈ ਕਿ ਸੁਪਨੇ ਇਕਦਮ ਸਾਕਾਰ ਨਹੀਂ ਹੁੰਦੇ, ਉਨ੍ਹਾਂ ਨੂੰ ਪੂਰਾ ਕਰਨ ਲਈ ਇਕ-ਇਕ ਕਰ ਕੇ ਕਦਮ ਪੁਟਣੇ ਪੈਂਦੇ ਹਨ।

[redacted]

**1. ਮਨ ਵਿਚ ਸਥਿਰ ਹੋਏ ਸੁਪਨੇ ਲਈ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ?**

(ੳ) ਉਸ ਨੂੰ ਮਨ ਵਿਚੋਂ ਕੱਢ ਦੇਣਾ ਚਾਹੀਦਾ ਹੈ

(ਅ) ਉਸ ਉਪਰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ

(ੲ) ਉਸ ਨੂੰ ਭੁੱਲਾ ਦੇਣਾ ਚਾਹੀਦਾ ਹੈ

(ਸ) ਦੂਸਰਿਆਂ ਨਾਲ ਉਸ ਬਾਰੇ ਗੱਲਾਂ ਕਰਨੀਆਂ ਚਾਹੀਦੀਆਂ ਹਨ

**2. ਸੁਪਨੇ ਨੂੰ ਪੂਰਾ ਕਰਨ ਲਈ ਮਨੁੱਖ ਨੂੰ ਕੀ-ਕੀ ਕਰਨਾ ਚਹੀਦਾ ਹੈ?**

(ੳ) ਮਾਹਰਾਂ ਨਾਲ ਗੱਲਬਾਤ, ਸੰਬੰਧਿਤ ਸਾਹਿਤ ਪੜ੍ਹਨਾ ਚਾਹੀਦਾ ਹੈ

(ਅ) ਉਸ ਵਲ ਧਿਆਨ ਨਾ ਦੇ ਕੇ ਆਪਣੇ ਵਿਚ ਮਸਤ ਰਹਿਣਾ ਚਾਹੀਦਾ ਹੈ

(ੲ) ਸੁਪਨੇ ਨੂੰ ਭੁੱਲ ਕੇ ਆਪਣੇ ਨਿਤ ਦੇ ਕੰਮਾਂ ਵਿਚ ਲੀਨ ਰਹਿਣਾ ਚਾਹੀਦਾ ਹੈ

(ਸ) ਸੁਪਨੇ ਨੂੰ ਮਜ਼ਾਕ ਸਮਝ ਕੇ ਹਾਸੇ ਵਿਚ ਲੈਣਾ ਚਾਹੀਦਾ ਹੈ

**3. ਕੋਲੰਬਸ ਦਾ ਸੁਪਨਾ ਕੀ ਸੀ?**

(ੳ) ਦਿੱਲੀ ਦੀ ਖੋਜ ਕਰਨਾ

(ਅ) ਅਫ਼ਗਾਨਿਸਤਾਨ ਜਾਣਾ

(ੲ) ਅਮਰੀਕਾ ਦੀ ਭਾਲ ਕਰਨਾ

(ਸ) ਲੰਡਨ ਵਿਚ ਘਰ ਬਣਾਉਣਾ

**4. ਲੋਕਾਂ ਨੇ ਐਡੀਸਨ ਨੂੰ ਪਾਗਲ ਕਹਿ ਕੇ ਉਸ ਦਾ ਮਖੌਲ ਕਿਉਂ ਉੜਾਇਆ ਸੀ?**

(ੳ) ਉਸ ਨੇ ਹਿਮਾਲਿਆ ਦੀ ਚੋਟੀ ਸਰ ਕਰਨ ਦੀ ਸੋਚੀ ਸੀ

(ਅ) ਪੰਛੀਆਂ ਵਾਂਗ ਉੱਡਣ ਦੀ ਗੱਲ ਕੀਤੀ ਸੀ

(ੲ) ਭਾਰਤ ਦੀ ਭਾਲ ਕਰਨ ਦੀ ਸੋਚੀ ਸੀ

(ਸ) ਗਾਉਣ ਵਾਲੀ ਮਸ਼ੀਨ ਤੇ ਬਲਬ ਬਣਾਉਣ ਦਾ ਸੁਪਨਾ ਲਿਆ ਸੀ

**5. ਸੁਪਨੇ ਲੈਣ ਵਾਲੇ ਲੋਕ ਕਿਹੋ ਜਿਹੇ ਰਾਹੀ ਹੁੰਦੇ ਹਨ?**

(ੳ) ਭੁੱਲੇ ਭਟਕੇ ਰਾਹੀ

(ਅ) ਅੱਡਰੇ ਰਸਤਿਆਂ ਦੇ ਰਾਹੀ

(ੲ) ਸਿਧ-ਪੱਧਰੇ ਰਸਤਿਆਂ ਦੇ ਰਾਹੀ

(ਸ) ਟੇਡੇ-ਮੇਢੇ ਰਸਤਿਆਂ ਦੇ ਰਾਹੀ